ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



August 1978

ਅਗਸਤ ੧੯੭੮

ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਹੋਸਟਲ ਸੁਪ੍ਰੰਟੈਂਡੈਂਟ ਦੀ ਸਰਵਿਸ ਸਮੇਂ [੧੯੦੭]

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਖ਼ਾਲਸਾ ਹਲੇਮੀ ਰਾਜ ਹੋ ਕੇ ਰਹੇਗਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਤੁਸੀਂ ਦਇਆ ਕਰੋ, ਮੇਰੇ ਸਾਈਂ [ਕਵਿਤਾ] | ਸ ਬਲਵੰਤ ਸਿੰਘ ਜੀ ਨੂਰ | ੫ |
| ਗੁਰਮਤਿ | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੬ |
| ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਗਿਆਨੀ ਜੀਤ ਸਿੰਘ ਜੀ | ੮ |
| ਸੋਨੇ ਦੀ ਚਿੜੀ | ਭਾਈ ਮਾਲਕ ਸਿੰਘ ਜੀ | ੯ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੦ |
| ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ [੬] | ਕੈਪਟਨ ਸਵਰਨ ਸਿੰਘ ਜੀ | ੧੨ |
| ਛਿਨ ਭਰ ਜੇ ਤੁਸੀਂ ਹਿਰਦੇ ਆਵੋ [ਕਵਿਤਾ] | ਭਾਈ ਬਲਵੰਤ ਸਿੰਘ ਜੀ ਨੂਰ | ੧੮ |
| 'ਹੁਕਮਨਾਮਾ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ | ਗਿਆਨੀ ਜਗਤਾਰ ਸਿੰਘ ਜੀ | ੧੯ |
| ਰੋਮ ਜਲ ਰਿਹਾ ਹੈ, ਨੀਰੂ ਬੰਸਰੀ ਬਜਾ ਰਿਹਾ ਹੈ | ਸ: ਹਰਦਿਤ ਸਿੰਘ ਜੀ | ੨੩ |
| ਫ਼ਿਲਮੀ ਰਾਗ ਰਸਾਤਲਤਾ ਵਲ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੬ |
| ਉਠ ਪੰਥ ਖ਼ਾਲਸਾ ਹੋਸ਼ ਮੇਂ ਆ [ਕਵਿਤਾ] | ਪ੍ਰਿੰਸੀਪਲ ਹਰਭਜਨ ਸਿੰਘ ਜੀ | ੨੭ |
| ਸੱਚ ਦਾ ਬੋਲ ਬਾਲਾ, ਝੂਠੇ ਦਾ ਮੂੰਹ ਕਾਲਾ | ਪ੍ਰਿੰ: ਗੁਰਮੁਖ ਸਿੰਘ ਜੀ | ੨੮ |
| ਗੁਰਬਚਨ ਸਿਹੁੰ ਨਕਲੀ ਨਿਰੰਕਾਰੀ [ਕਵਿਤਾ] | ਭਾਈ ਮੋਹਨ ਸਿੰਘ ਜ਼ੀ | ੩੦ |
| ਡਿੰਭੀ ਗੁਰੂਆਂ ਦੇ ਢੋਲ ਦਾ ਪੋਲ | ਡਾ: ਗੰਡਾ ਸਿੰਘ ਜੀ ਹਿਸਟੋਰੀਅਨ | ੩੧ |
| ਸ੍ਰੀ ਅੰਮ੍ਰਿਤਸਰ ਵਿਚ ਖ਼ੂਨੀ ਸਾਕਾ [ਕਵਿਤਾ] | ਭਾਈ ਬੰਤਾ ਸਿੰਘ ਜੀ, ਕੈਨੇਡਾ | ੩੮ |
| ਅਖੰਡ ਕੀਰਤਨੀ ਜੱਥੇ ਦੀ ਪ੍ਰਬੰਧਕੀ ਬਣਤਰ | — — — — | ੩੮ |
| ਪੰਥ ਨੂੰ ਵੰਗਾਰ [ਕਵਿਤਾ] | ਗਿਆਨੀ ਗੋਪਾਲ ਸਿੰਘ ਜੀ ਮਿਤਰ | ੪੦ |
| ਅੰਮ੍ਰਿਤਸਰ ਦੇ ਸ਼ਹੀਦਾਂ ਦੀ ਸ਼ਹੀਦੀ ਦਾ ਕਾਰਨ | ਸਰਦਾਰਨੀ ਰਾਮਦਾਸ ਕੌਰ ਖ਼ਾਲਸਾ | ੪੧ |
| ਸ਼ਹੀਦੀ ਫ਼ੰਡ ਦੇ ਹਿਸਾਬ ਕਿਤਾਬ ਦਾ ਚਿੱਠਾ | — — — — | ੪੪ |


## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਪ੍ਰੇਮ ਸਿੰਘ ਜੀ ਕਾਨਪੁਰ | 5-00 |
| c/o ਸ: ਗੁਰਬਖ਼ਸ਼ ਸਿੰਘ ਜੀ | 5-00 |
| ਅਖਡ ਕੀਰਤਨੀ ਜੱਥਾ ਯੂ. ਕੇ. | 1540-00 |
| ci. ਜੁਗਿੰਦਰ ਸਿੰਘ ਜੀ ਬੱਚੇ ਦੇ ਜਨਮ ਦੀ ਖ਼ੁਸ਼ੀ ਵਿਚ | 5-00 |
| ਭਾਈ ਅਵਤਾਰ ਸਿੰਘ ਜੀ ਰੰਗ ਵਾਲੇ ਕਾਕਾ ਸਤਵੰਤ ਸਿੰਘ ਜੀ ਯ ਦ ਵਿਚ | 10-00 |
| ਸ: ਮਲਕੀਅਤ ਸਿੰਘ ਦਸੂਹਾ | 5-00 |
| ਸ: ਅਜੀਤ ਸਿੰਘ ਡਰਬੀ ਯੂ. ਕੇ. | 11-00 |
| ਬੀਬੀ ਬਲਬੀਰ ਕੌਰ ਜੀ ਰੀਡਿੰਗ ਯੂ ਕੇ. | 30-00 |
| ਬੀਬੀ ਸੁਰਜੀਤ ਕੌਰ ਜੀ ਰੀਡਿੰਗ ਯੂ. ਕੇ. | 45-00 |
| ਸ: ਗੁਰਨਾਮ ਸਿੰਘ ਬੀਬੀ ਸੀਤਲ ਕੌਰ ਜੀ ਬੱਚੀ ਦੇ ਜਨਮ ਦੀ ਖ਼ੁਸ਼ੀ ਵਿਚ | 120-00 |
| ਸ: ਸਤਨਾਮ ਸਿੰਘ ਜੀ ਐਕਟਨ ਯੂ. ਕੇ. | 25-00 |
| ਦਸਮੇਸ਼ ਟਰੱਸਟ ਸਾਉਥਹਾਲ ਯੂ. ਕੇ. | 500-00 |
| ਭਾਈ ਚੈਨ ਸਿੰਘ ਜੀ ਡਰਬੀ ਯੂ. ਕੇ. | 17-00 |
| ਸ: ਚਰਨ ਸਿੰਘ ਜੀ ਯੂ. ਐਸ. ਏ. | 18-57 |
| ਸ: ਅਰਜਨ ਸਿੰਘ X.E.N. ਚੰਡੀਗੜ੍ਹ | 10-00 |
| ਭਾਈ ਹਰਭਜਨ ਸਿੰਘ ਜੀ ਅੰਮ੍ਰਿਤਸਰ ਅਨੰਦ ਕਾਰਜ ਦੀ ਖ਼ੁਸ਼ੀ ਵਿਚ | 21-00 |
| ਸ: ਗੁਰਚਰਨ ਸਿੰਘ ਬਲਦੇਵ ਸਿੰਘ ਜੀ ਦੁਰਗ ਪਿਤਾ ਜੀ ਦੇ ਚਲਾਣੇ ਦੇ ਭੋਗ ਸਮੇਂ | 11-00 |
| ਸ: ਮਲਕੀਅਤ ਸਿੰਘ ਜੀ ਨੋਟਿੰਘਮ ਯੂ. ਕੇ. | 25-00 |
| ਸ: ਜਸਵੰਤ ਸਿੰਘ ਜੀ ਦੇਉਸੀ ਕੈਨੇਡਾ | 20-00 |
| ਬੀਬੀ ਸਤਵੰਤ ਕੌਰ ਜੀ ਜਲੰਧਰ | 20-00 |
| ਸ: ਖੇਮ ਸਿੰਘ ਜੀ ਯਮਨਾ ਨਗਰ | 11-00 |

ਵਾਹਿਗੁਰੂ ਸਭ ਨੂੰ ਨਾਮ ਦਾਨ ਚੜ੍ਹਦੀ ਕਲਾ ਬਖ਼ਸ਼ਣ।


ਹੇਮਕੁੰਟ ਪ੍ਰਿੰਟਿੰਗ ਪ੍ਰੈਸ,ਬਾਜ਼ਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੩.੮.੭੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥

੧ੴ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

| | |
|---|---|
| ਸਾਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੧੮-੫੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ., ਅਫ਼ਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ ਅਗਸਤ ੧੯੭੮ ਅੰਕ ੮

## ਖ਼ਾਲਸਈ ਹਲੇਮੀ ਰਾਜ ਹੋ ਕੇ ਰਹੇਗਾ

### *ਸਤਿਗੁਰ ਕਲਗ਼ੀਧਰ ਜ਼ਾਹਰ ਜ਼ਹੂਰ ਤੇ ਹਾਜ਼ਰ ਨਾਜ਼ਰ ਹਨ*

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਤਿਗੁਰੁ ਮੇਰਾ ਸਦਾ ਸਦਾ
ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ ॥੧੩॥

ਸੂਹੀ ਮ: ੪ ਅਸਟ:, ਪੰਨਾ ੭੫੯

ਏਸ ਉਪਰਲੇ ਗੁਰਵਾਕ ਅਨੁਸਾਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਕਲਗ਼ੀਧਰ ਪਾਤਸ਼ਾਹ ਦਸਮੇਸ਼ ਗੁਰੂ ਸਦਾ ਸਦਾ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਸਭ ਮੇਂ ਭਰਪੂਰ ਸਾਖਸ਼ਾਤ ਨੂਰੋ ਨੂਰ ਹੈ । ਉਹ ਸਦਾ ਹਾਜ਼ਰ ਨਾਜ਼ਰ ਹੈ ਤੇ ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ। *"ਏਕਹਿ ਆਵਨ ਫਿਰਿ ਜੋਨਿ ਨ ਆਇਆ" ਦੇ ਵਾਕ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਨੁੱਖ-ਜਾਮੇ ਵਿਚ ਅਵਤਾਰ ਧਾਰ ਕੇ ਆਇਆ ਤਾਂ ਕੇਵਲ 'ਜੀਅ ਦਾਨੁ ਦੇ ਭਗਤੀ ਲਾਇਨਿ'† ਨਮਿੱਤ ਸੱਚਾ ਪਰਉਪਕਾਰੀ ਬਣ ਕੇ ਆਇਆ । ਬਾਹੁੜ ਏਸ ਤਰ੍ਹਾਂ ਦੀ ਆਵਣ ਦੀ ਉਸ ਨੂੰ ਲੋੜ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ। ਸਭ ਵਿਚ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ । ਸਦਾ ਹਾਜ਼ਰ ਨਾਜ਼ਰ ਅਬਿਨਾਸ਼ੀ ਪੁਰਖ ਹੈ । ਜੋਤਿ-ਜਾਮੇ ਵਿਚ ਪ੍ਰਗਟ ਹੋਇਆ ਅਨਿੰਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ

*ਗਉੜੀ ਬਾਵਨ ਅਖਰੀ ਮ: ੫, ਪਉੜੀ ੧੩, ਪੰਨਾ ੨੫੨

†ਸੂਹੀ ਮ: ੫, ਪੰਨਾ ੭੪੯

www.AKJ.Org

ਕਰਨਹਾਰਾ ਹੈ । ਉਸ ਨੂੰ ਬਾਹੁੜ ਮਨੁੱਖ ਜਾਮਾ ਧਾਰਨ ਦੀ ਲੋੜ ਨਹੀਂ । ਮਨੁੱਖ ਜਾਮੇ ਵਿਚ ਮੁੜ ਅਵਤਾਰ ਧਾਰਨ ਦੀ ਲੋੜ ਨਹੀਂ । ਜਦੋਂ ਜਦੋਂ ਅਵਸਰ ਬਣਿਆ ਤਦੋਂ ਤਦੋਂ ਅਨਿੰਨ ਸ਼ਰਧਾਲੂ ਅਭਿਆਸੀ ਜਨਾਂ ਨੂੰ ਤਿਨ੍ਹਾਂ ਦੇ ਹਿਰਦਿਆਂ ਅੰਦਰ ਪ੍ਰਚੰਡ ਜੋਤਿ ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਤੇ ਕਲਾ ਵਰਤਾਂਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤੱਖ ਦੀਦਾਰ ਜਲਵੇ ਆਪਣੇ ਜਾਗਤ ਜੋਤਿ ਜਪਣਹਾਰ ਖਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ ਹੈ ਅਤੇ ਦਿਖਾਉਂਦਾ ਰਹੇਗਾ। ਮੁੜ ਮਨੁੱਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁਕੱਾ ਦਿੱਤਾ। ਭੂਤ ਭਵਿੱਖ ਦੇ ਦਾਨੀ ਅੰਤਰਜਾਮੀ ਸ੍ਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵਿਚਾਰ, ਕਿ ਕਲਜੁਗ ਵਿਖੇ ਅੱਗੇ ਨੂੰ "ਘਰ ਘਰ ਹੋਇ ਬੈਠ ਹੈਂ ਰਾਮਾ ॥ ਜਾਂ ਤੇ ਸਰੇ ਨ ਕੋਊ ਕਾਮਾ"* ਵਾਲਾ ਵਰਤਾਰਾ ਜ਼ਰੂਰ ਵਰਤੇਗਾ, ਇਹ ਸਾਰਾ ਗੁਰੂ ਡੰਮ੍ਹ ਵਾਲਾ ਫਸਤਾ ਹੀ ਵੱਢ ਦਿੱਤਾ।

ਕਈ ਅਜਾਣ ਸਿੱਖ ਸੱਜਣ ਗੁਰੂ ਸਾਹਿਬ ਦੇ ਏਸ ਅਭਿੱਪਰੇ ਤੋਂ ਅਨਜਾਣ ਹੋਣ ਕਰਕੇ ਇਹ ਕਹਿੰਦੇ ਸੁਣੀਦੇ ਹਨ ਕਿ ਗੁਰੂ ਦਸਮ ਪਾਤਸ਼ਾਹ ਫੇਰ ਦੇਹ ਧਾਰ ਕੇ ਆਉਣਗੇ । ਇਹ ਸੁਣ ਕੇ ਅਫ਼ਸੋਸ ਹੁੰਦਾ ਹੈ ਕਿ ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਜਿਤਨਾ ਸਾਨੂੰ ਦੇਹ-ਧਾਰੀ ਗੁਰੂ ਦੀ ਮਨੌਤ ਤੋਂ ਵਰਜਿਆ ਹੈ ਤੇ ਇਸ ਖ਼ਿਆਲ ਤੋਂ ਰੋਕਿਆ ਹੈ, ਉਤਨੀ ਹੀ ਇੱਲਤ ਵਾਲੀ ਬੀਮਾਰੀ ਸਾਡੇ ਵਿਚ ਦਿਨੋ ਦਿਨ ਜ਼ੋਰ ਨਾਲ ਵਧ ਰਹੀ ਹੈ ਅਤੇ ਆਏ ਦਿਨ ਇਹ ਸੁਣੀਦਾ ਹੈ ਕਿ ਅਮਕੇ ਦੇਹਧਾਰੀ ਗੁਰੂ ਨੇ ਫਲਾਣੀ ਥਾਂ ਅਵਤਾਰ ਧਾਰਿਆ ਹੈ ਤੇ ਫਲਾਣੇ ਸਮੇਂ ਗੁਰੂ ਸਾਹਿਬ ਦੇਹ ਧਾਰਨਗੇ, ਅਥਵਾ ਫਲਾਣਾ ਸੰਤ ਮਹਾਤਮਾ ਫਲਾਣੇ ਗੁਰੂ ਸਾਹਿਬ ਦਾ ਅਵਤਾਰ ਹੈ।

ਇਸ ਤਰ੍ਹਾਂ ਦੀਆਂ ਕੱਚ-ਘਰੜ ਖ਼ਿਆਲਾਂ ਵਾਲੀਆਂ ਗੱਲਾਂ ਗੁਰਮਤਿ ਤੋਂ ਵਿਰੁੱਧ ਤੇ ਸ੍ਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ । ਪਰ ਏਸ ਤਰ੍ਹਾਂ ਦੀਆਂ ਗੱਲਾਂ ਫੁਪਜਦੀਆਂ ਉਨ੍ਹਾਂ ਨੂੰ ਹੀ ਹਨ ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਸੱਖਣੇ ਮਨਮੁਖੀਏ ਹਨ।

ਜਿਨ੍ਹਾਂ ਗੁਰਸਿੱਖਾਂ ਦੇ ਘਟਾਂ ਅੰਦਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਗੁਰੂ ਜੋਤਿ ਦੇ ਪਰਤੱਖ ਪ੍ਰਕਾਸ਼ ਦੀ ਜ਼ਾਹਰ ਤੇ ਪਾਰਸ ਕਲਾ ਪਰਤੱਖ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰਦਮ ਹਾਜ਼ਰ ਨਾਜ਼ਰ ਦਿਸਦਾ ਹੈ । ਹਾਂ, ਘਟ ਵਧ ਅਭਿਆਸ ਕਮਾਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ-ਜਲਵੇ ਦਿਖਾਉਂਦਾ ਹੈ, ਕਿਤੇ ਸਦ ਵਿਗਾਸੀ ਦਰਸ਼ਨਾਂ ਦਾ ਮੀਂਹ ਵਰਸਾਉਂਦਾ ਹੈ । ਹਰ ਹਾਲਤ ਵਿਚ ਸ਼ਰਧਾਵਾਨ ਜੋਤਿ-ਵਿਗਾਸੀ-ਗੁਰਸਿੱਖਾਂ ਤਾਈਂ ਇਹ ਘਾਟਾ ਕਦੇ ਪ੍ਰਤੀਤ ਹੁੰਦਾ ਹੀ ਨਹੀਂ ਕਿ ਸਤਿਗੁਰੂ ਹਾਜ਼ਰ ਨਹੀਂ, ਜਾਂ ਹੈ ਨਹੀਂ । ਉਹ ਤਾਂ ਸਦਾ ਸਦਾ "ਸਤਿਗੁਰੁ ਮੇਰਾ ਸਦਾ ਸਦਾ" ਤਿਨ੍ਹਾਂ ਦੇ ਦਿੱਬ-ਦਰਸੀ-ਆਤਮ-ਨੈਣਾਂ ਨੂੰ ਨਜ਼ਰੀਂ ਆਉਂਦਾ ਹੈ। ਇੱਥੇ ਤਾਂ ਉਹ ਨਾਮ ਅਭਿਆਸੀ ਗੁਰਮੁਖ ਜਨ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਨਾਮ ਅਭਿਆਸ ਦੇ ਘਾਟੇ ਵਾਲਿਆਂ ਨੂੰ ਇਹ ਚੜ੍ਹਦੀ ਕਲਾ ਕਿਥੋਂ ? ਉਹ ਤਾਂ ਘਟੀਆ ਖ਼ਿਆਲਾਂ ਦੀ ਨਿੱਘਰਦੀ ਕਲਾ ਵਿਚ ਹੀ ਸੜੀਅਲ ਜਨਮ ਬਿਤਾਉਂਦੇ ਹਨ। ਕਦੇ ਕਿਸੇ ਦਾ ਆਸਰਾ ਤੇ ਕਦੇ ਕਿਸੇ ਦੀ ਓਟ ਤਕਾਉਂਦੇ ਹਨ। ਪਰ ਆਪਣੇ ਨਿੱਜ ਅਸਲੇ ਵਲ ਨਹੀਂ ਆਉਂਦੇ।

ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਕਿ ਸਦਾ ਆਪਣੇ ਖਾਲਸੇ ਨੂੰ ਪ੍ਰਚੰਡ ਕਲਾ ਜਾਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰੱਖਣ ਵਾਲੇ ਸ੍ਰੀ ਦਸਮੇਸ਼ ਜੀ ਦੇ ਅਖਾਉਤੀ ਸਿੱਖ ਆਪਣੇ ਉੱਚ ਖਾਲਸਈ ਆਦਦਸ਼ਾਂ ਤੋਂ ਗੁਮਰਾਹ ਹੋ ਕੇ ਬੁੱਤ-ਪ੍ਰਸਤ ਮੱਤ-ਮਤਾਂਤ੍ਰ ਆਨਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ । ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ

*ਕਲਕੀ ਅਵਤਾਰ, ੧੨-੪.



www.AKJ.Org

ਗੁਆ ਰਹੇ ਹਨ । ਬੜੇ ਤੋਂ ਬੜੇ ਪ੍ਰਸਿੱਧ ਆਗੂ ਕਹਾਉਣ ਵਾਲੇ ਵੀ ਅਸਲ ਅਸੂਲਾਂ ਉਤੇ ਦ੍ਰਿੜ੍ਹ ਨਹੀਂ ਰਹਿੰਦੇ । ਓਹਨਾਂ ਦਾ ਕੋਈ ਅਸੂਲ ਹੀ ਨਹੀਂ । ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇਕ ਅਸੂਲ ਨੂੰ ਢਾਹੁੰਦੇ ਹਨ । "ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ" ਦੀਆਂ ਬੜ੍ਹਕਾਂ ਮਾਰਨ ਵਾਲੇ ਤੇ "ਪੰਥ ਕੀ ਜੀਤ" ਮਈ ਖਾਲਸਾ ਪੰਥ ਦੀ ਅੱਡਰੀ ਹਸਤੀ ਦੀਆਂ ਟਾਹਰਾਂ ਛੱਡਣ ਵਾਲੇ ਵੀ ਅਜ ਹਾਰੇ ਹੋਏ ਪਾਲੇਟੀਸ਼ਨਰਾਂ (ਨੀਤੀਵਾਨਾਂ) ਤੇ ਕਮਜ਼ੋਰ ਮੰਗਤਿਆਂ ਵਾਂਗ "ਪੰਜਾਬੀ ਸੂਬੇ" ਦੀਆਂ ਮੰਗਾਂ ਮੰਗ ਰਹੇ ਹਨ । ਉਨ੍ਹਾਂ ਅੱਵਲ-ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਜਨਾਉਣ ਵਾਲੀ ਟਾਹਰ ਕਿੱਥੇ ਗਈ ? ਉਨ੍ਹਾਂ ਨੂੰ ਖ਼ਾਲਸਈ ਨਾਹ-ਰਿਆਂ ਪਰ ਵਿਸ਼ਵਾਸ਼ ਨਹੀਂ ਰਿਹਾ । "ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ" ਵਾਲੇ ਸ੍ਰੀ ਮੁਖਵਾਕ ਪਰ ਭਰੋਸਾ ਨਹੀਂ ਰਿਹਾ । ਉਹ ਆਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖ਼ਰ ਸਮਝਦੇ ਹਨ । ਉਹ ਹੁਣ ਫੇਰ ਮਿਲਗੋਭਾ ਹੋ ਕੇ ਮਲੀਆਮੇਟ ਹੋਣ ਉੱਪਰ ਲੱਕ ਬੰਨ੍ਹੀਂ ਖਲੋਤੇ ਹਨ ਤੇ ਏਸ ਗੁਰਮਤਿ-ਹੀਣੀ-ਗੱਲ ਨੂੰ ਜਤਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿੱਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ । ਉਨ੍ਹਾਂ ਨੂੰ ਏਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਲੱਜਿਆ ਨਹੀਂ ਆਉਂਦੀ । ਉਨ੍ਹਾਂ ਨੂੰ ਏਸ ਗੱਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖਾਲਸਾ ਕੌਮ ਦੀ ਸਿੱਖ ਜਨਤਾ ਗੁਰੂ ਨਾਨਕ ਸਾਹਿਬ ਦੀ ਕੁੱਖ ਵਿਚੋਂ ਹੀ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿਚ ਪਲੀ ਹੈ । ਤਿਨ੍ਹਾਂ ਨੂੰ "ਸਿਰ ਊਪਰਿ ਠਾਢਾ ਗੁਰੁ ਸੂਰਾ"* ਨਜ਼ਰ ਹੀ ਨਹੀਂ ਆਉਂਦਾ । ਤਿਨ੍ਹਾਂ ਦੇ ਕਾਰਜ ਕਿਥੋਂ ਤੇ ਕਦੋਂ ਪੂਰੇ ਹੋਣੇ ਹਨ ਤੇ ਕਿਵੇਂ ਪੂਰੇ ਹੋਣੇ ਹਨ ?

ਸਤਿਗੁਰ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ, ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉਤੇ ਕਾਇਮ ਦਾਇਮ ਜਾਣਦੇ ਹਨ । ਤਿਨ੍ਹਾਂ ਚੜ੍ਹਦੀ ਕਲਾ ਵਾਲਿਆਂ ਸਿੰਘਾਂ ਸੂਰਮਿਆਂ ਦੇ ਸੀਸਾਂ ਉਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ । ਅਜਿਹੇ ਸੂਰਮੇ ਸਿੰਘਾਂ ਦੇ ਆਤਮੇ ਅੰਦਰ ਹੀ ਗੁਰੂ ਕੀ ਸੂਰਮਤਾ ਕਲਾ ਵਰਤਦੀ ਹੈ । ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ । ਜਦੋਂ ਨੇੜੇ ਤੇੜੇ ਇਹ ਸਮਾਂ ਢੁੱਕ ਆਇਆ ਤੇ ਖਾਲਸਾ ਕੌਮ ਅੰਦਰ ਏਸ ਜ਼ਾਹਰੀ ਕਲਾ ਦਾ ਪਰਤੱਖ ਜ਼ਹੂਰ ਵਰਤ ਗਿਆ, ਉਸ ਛਿਨ ਅੰਦਰ ਤਤਕਾਲ ਹੀ ਖਾਲਸਈ ਹਲੇਮੀ ਰਾਜ ਹੋ ਜਾਏਗਾ, ਜ਼ਰੂਰ ਹੋਏਗਾ, ਹੋ ਕੇ ਰਹੇਗਾ । ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਰ ਕਲਾ ਵਰਤੇਗੀ । ਉਸ ਦਾ ਜ਼ਹੂਰ ਘਟ ਘਟ ਅੰਦਰ ਵਰਤੇਗਾ । ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ । ["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ

*ਗਉੜੀ ਸੁਖਮਨੀ ਮ:੫,॥੭॥(੨੨)ਪੰਨਾ ੨੯੩

## ਤੁਸੀਂ ਦਇਆ ਕਰੋ, ਮੇਰੇ ਸਾਈਂ

[ਵਲੋਂ—ਸ: ਬਲਵੰਤ ਸਿੰਘ ਜੀ ਨੂਰ, ਸਿਵਲ ਲਾਈਨ, ਲੁਧਿਆਣਾ–੧੨]

ਕਿਰਪਾ ਕਰੋ, ਕਿਰਮ ਦਾਸ ਤੇ, ਤੁਠ ਆਪਣੀ ਪੈਜ ਰਖਾਈਂ ।
ਆਪਣੀ ਪਰੀਤ, ਤੁਸਾਂ ਆਪੇ ਲਾਈ, ਤੁਠ ਆਪੇ, ਤੋੜ ਚੜ੍ਹਾਈਂ ।
ਮੈਂ ਮੰਗਤ ਜਨ, ਪ੍ਰੇਮ ਨਾ ਜਾਣਾਂ, ਨਿਤ ਮੰਗਾਂ, ਤੇਰੇ ਦਰ ਤਾਈਂ ।
ਨਾਮ-ਪਰੀਤ ਮੇਹਰ ਇਕ ਮੰਗਾਂ, ਸਾਨੂੰ ਪ੍ਰੀਤੋਂ ਤ੍ਰਿਪਤ ਅਘਾਈਂ ।
ਰਿਦੇ ਪ੍ਰਕਾਸ਼, ਦੇਈਂ ਮੱਤ ਨਿਰਮਲ ਤੇਰੇ ਦਰਸ਼ਨ ਹੋਏ ਸਮਾਈ ।
ਬਾਲਕ ਵਾਂਗੂ ਨਦਰ 'ਚ ਰਖੀਂ, ਸਾਡੀ ਭੁਲ ਨੂੰ ਰਿਦੇ ਨ ਲਾਈਂ ।
ਮੈਂ ਮਤਿ-ਮੰਦ, ਨਿਤ ਭੁਲਾਂ ਭਟਕਾਂ, ਤੁਸੀਂ ਦਇਆ ਕਰੋ, ਮੇਰੇ ਸਾਈਂ ।

www.AKJ.Org

# ਗੁਰਮਤਿ

[ਵਲੋਂ—ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥

[ਧਨਾਸਰੀ ਮ: ੫, ਪੰਨਾ ੬੭੦

'ਗੁਰਮਤਿ' ਇਕ ਸਮਾਸੀ (ਸੰਜੋਗੀ) ਸ਼ਬਦ ਹੈ [ਗੁਰ+ਮਤਿ] ਅਤੇ ਇਸ ਦਾ ਅਰਥ ਹੈ ਗੁਰੂ ਦੀ ਮਤਿ। ਗੁਰੂ ਸ੍ਰਿਸ਼ਟੀ ਦੇ ਤਮ-ਅਗਿਆਨ ਵਿਚ ਗਿਆਨ ਦਾ ਪ੍ਰਕਾਸ਼ ਕਰਨਹਾਰਾ ਹੈ। ਗੁਰੂ ਅੰਤਰ-ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਅਤੇ ਸੰਸਾਰ ਦੇ ਸਾਰੇ ਜੀਵਾਂ ਨੂੰ ਸ਼ਬਦ-ਗਿਆਨ ਬਖਸ਼ ਕੇ ਅਕਾਲ ਪੁਰਖ ਨਾਲ ਅਭੇਦ ਕਰਨਾ ਉਸ ਦਾ ਪਰਉਪਕਾਰੀ ਕਰਤੱਵ ਹੈ।

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ...॥੧॥(੧)

ਵਾਰ ਰਾਮਕਲੀ,ਸਲੋਕ ਮ:੫,ਪੰਨਾ ੯੫੭

ਮਲ ਵਿਖੇਪ ਨਾਲ ਲਿਬੜਿਆ ਜੀਵ ਨਿਰਮਲ-ਪੁਰਖ ਵਿਚ ਲੀਨ ਨਹੀਂ ਹੋ ਸਕਦਾ। ਇਸ ਲਈ ਪੂਰਨ ਸਤਿਗੁਰੂ ਦੀ ਗਤਿ ਜੀਵਾਂ ਪ੍ਰਤਿ ਇਹ ਹੈ ਕਿ ਨਿਰਮਲ ਪੁਰਖ ਦੇ ਨਿਰਮਲ ਗੁਣ ਧਾਰਨ ਕਰ ਕੇ ਜੀਵਨ ਨੂੰ ਨਿਰਮਲ ਬਣਾਇਆ ਜਾਵੇ—

ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ॥੧॥

(੫)ਵਾਰ ਗੂਜਰੀ, ਸਲੋਕ ਮ: ੫,ਪੰਨਾ ੫੧੯

ਛੋਡਹੁ ਕਾਮ ਕ੍ਰੋਧੁ ਬੁਰਿਆਈ ॥
ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ
ਇਉ ਤਰੀਐ ਭਵਜਲੁ ਭਾਈ ਹੇ ॥੮॥

ਮਾਰੂ ਸੋਲਹੇ ਮ: ੧, ਪੰਨਾ ੧੦੨੯

ਗੁਰਬਾਣੀ ਦਾ ਪ੍ਰੇਮ ਤੇ ਵਿਚਾਰ ਸਹਿਤ ਅਧਿਐਨ ਕੀਤਿਆਂ ਗੁਰਮਤਿ ਦੀ ਸੋਝੀ ਹੋ ਆਉਂਦੀ ਹੈ।

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥
ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥ ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥੨॥(੧੫)

[ਵਾਰ ਬਿਹਾਗੜਾ, ਮ: ੩, ਪੰਨਾ ੫੫੪

ਉਪਰੋਕਤ ਗੁਰਵਾਕ ਦੇ ਅਧਾਰ ਤੇ ਵਿਚਾਰ ਕੀਤਿਆਂ ਗੁਰਮਤਿ ਦੇ ਮੋਟੇ ਮੋਟੇ ਨੁਕਤੇ ਇਹ ਸੁਝ ਆਉਂਦੇ ਹਨ :—

(ੳ) ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਦਾ ਸਾਹਿਬ ਮਾਲਕ ਜਾਣ ਕੇ, ਉਸ ਦੀ ਸਰਬੱਗਤਾ ਉਤੇ ਵਿਸ਼ਵਾਸ ਰਖ ਕੇ, ਉਸ ਨੂੰ ਹਾਜ਼ਰ ਨਾਜ਼ਰ ਜਾਣ ਕੇ, ਉਸ ਦੇ ਸਿਮਰਨ ਵਿਚ ਲੀਨ ਰਹਿਣਾ।

(ਅ) ਅਕਾਲ ਪੁਰਖ ਸਬੰਧੀ ਗਿਆਨ ਪ੍ਰਾਪਤ ਕਰਨ ਲਈ ਸਤਿਗੁਰੂ ਦੀ ਸ਼ਰਨ ਪੈ ਕੇ ਗੁਰ-ਦੀਖਿਆ ਪ੍ਰਾਪਤ ਕਰਨੀ।

(ੲ) ਸਤਿਗੁਰੂ ਦੁਆਰਾ ਪ੍ਰਾਪਤ ਹੋਏ ਨਾਮ-ਅੰਮ੍ਰਿਤ ਨੂੰ ਸਰਬ-ਰੋਗ ਨਾਸ਼ਕ ਅਤੇ ਭਰਮ-ਭਉ-ਭੰਜਨ-ਹਾਰਾ ਜਾਣ ਕੇ, ਇਸ ਦਾ ਸਾਸ ਗ੍ਰਾਸ ਸੇਵਨ



www.AKJ.Org

ਕਰ ਕੇ, ਮਾਇਆ ਦੇ ਭਰਮ-ਪੜਦੇ ਨੂੰ ਪਾੜ ਕੇ, ਅੰਦਰਲੀ ਜੋਤਿ ਨੂੰ ਪ੍ਰਦੀਪਤ ਕਰਨਾ।

(ਸ) ਸਤਿਗੁਰੂ ਨੂੰ ਭਾਉਂਦੀ ਕਾਰ ਕਰ ਕੇ ਗੁਰੂ ਦੀ ਖ਼ੁਸ਼ੀ ਲੈਣੀ। ਸੱਚੇ ਪ੍ਰਭੂ ਦੇ ਸੱਚੇ ਪਿਆਰ ਨੂੰ ਜੀਵਨ ਦੀ ਸ੍ਰੇਸ਼ਟ ਕਰਨੀ ਬਣਾਉਣਾ।

ਗੁਰਮਤਿ ਦੇ ਉਪ੍ਰੋਕਤ ਨੁਕਤਿਆਂ ਨੂੰ ਸਮਝਣ ਅਤੇ ਮਨ ਬਚ ਕਰਮ ਕਰਕੇ ਜੀਵਨ ਵਿਚ ਧਾਰਨ ਕਰਨ ਵਾਲੇ ਵਿਅਕਤੀ ਦੀ ਜੀਵਨ ਯਾਤਰਾ ਦੀ ਸਫਲਤਾ ਦੀ ਸਾਖ ਗੁਰੂ ਪਾਤਸ਼ਾਹ ਭਰਦੇ ਹਨ ਕਿ ਇਸ ਲੋਕ ਅਤੇ ਪਰਲੋਕ, ਦੋਹਾਂ ਲੋਕਾਂ ਵਿਚ ਉਹ ਸੁਖੀ ਤੇ ਸੁਰਖ਼ਰੂ ਹੋਏਗਾ ਅਤੇ ਅਕਾਲ ਪੁਰਖ ਦੀ ਗੋਦ ਵਿਚ ਬਿਰਾਜ ਕੇ ਜਗਤ-ਪਿਤਾ ਦਾ ਲਾਡ-ਪਿਆਰ ਮਾਣ ਸਕੇਗਾ।

—੨—

ਆਪਣੇ ਘਟ ਅੰਦਰ ਅਤੇ ਸਾਰੇ ਦ੍ਰਿਸ਼ਟਮਾਨ ਅੰਦਰ ਲੁਪਤ ਗੁਪਤ ਵਰਤ ਰਹੀ ਅਦ੍ਰਿਸ਼ਟ ਪ੍ਰਭੂ ਦੀ ਪਰਮ-ਜੋਤਿ ਨਾਲ ਜਾਣ ਪਛਾਣ ਕਰ ਕੇ, ਉਸ ਦੇ ਮਿਲਾਪ ਦਾ ਅਨੰਦ ਮਾਣਨਾ ਹੀ ਮਨੁਖੀ ਜੀਵਨ ਦਾ ਪ੍ਰਯੋਜਨ ਹੈ। ਇਹ ਸੱਚੜਾ ਮਿਲਾਪ ਪੂਰਨ ਸਤਿਗੁਰੂ ਦੀ ਸ਼ਰਨ ਪੈਣ ਤੇ ਉਸ ਤੋਂ ਗੁਰ-ਦੀਖਿਆ ਪ੍ਰਾਪਤ ਕੀਤੇ ਬਗੈਰ ਸੰਭਵ ਨਹੀਂ। ਗੁਰ-ਦੀਖਿਆ ਗੁਰ-ਮੰਤਰ ਦੀ ਅਤੁੱਟ ਕਮਾਈ ਤੋਂ ਬਗੈਰ ਭਰਮ-ਛਉੜ ਕਟੀਂਦੇ ਨਹੀਂ ਅਤੇ ਭਰਮ-ਛਉੜ ਕਟੇ ਜਾਣ ਤੋਂ ਬਗੈਰ ਅੰਦਰਲੀ ਜੋਤਿ ਪਰਗਟ ਨਹੀਂ ਹੁੰਦੀ।

ਨਾਮ-ਅੰਮ੍ਰਿਤ ਦੀ ਸਾਸ-ਗਿਰਾਸ ਸਿਮਰਨ-ਅਭਿਆਸ ਕਮਾਈ ਦਾ ਸਦਕਾ ਅਭਿਆਸੀ ਦੀ ਦਿਬ-ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਤੇ ਅਧਿਆਤਮਕ ਨਜ਼ਾਰਾ ਇਸ ਦਿਬ-ਦ੍ਰਿਸ਼ਟੀ ਦੁਆਰਾ ਹੀ ਸਾਮਰਤਖ ਹੋ ਸਕਦਾ ਹੈ।

—੩—

ਫੋਕੀਆਂ ਫਿਲਾਸਫ਼ੀਆਂ ਕੁਝ ਹੋਰ ਹਨ ਅਤੇ ਅਨੁਭਵੀ ਗਿਆਨ ਕੁਝ ਹੋਰ। ਸ਼ਬਦ-ਸੁਰਤਿ ਦਾ ਪਰਚਾ ਪਾਇਆਂ ਜਗਿਆਸੂ ਦਾ ਮਨ ਉਨਮਨ ਹੋ ਜਾਂਦਾ ਹੈ। ਮਨ-ਹੀਰਾ, ਸ਼ਬਦ-ਹੀਰੇ ਦੁਆਰਾ ਵਿਝ ਕੇ ਸੁਰਤਿ-ਤਾਰ ਵਿਚ ਪਰੁੱਚ ਜਾਂਦਾ ਹੈ ਅਤੇ ਤ੍ਰਿਗੁਣ ਅਤੀਤ ਹੋ ਕੇ ਸਹਿਜ ਵਿਚ ਟਿਕ ਜਾਂਦਾ ਹੈ।

ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥

[ਆਸਾ ਸ੍ਰੀ ਕਬੀਰ ਜੀ, ਪੰਨਾ ੪੮੩

ਇਸ ਉਨਮਨੀ ਅਵਸਥਾ ਵਿਖੇ "ਆਪਾ ਮਧੇ ਆਪੁ ਪਰਗਾਗਿਆ"* ਵਾਲੀ ਗੁਹਜ-ਕਲਾ ਵਰਤਦੀ ਹੈ। ਨਾਭੀ ਅੰਦਰੋਂ ਜੋਤਿ-ਕਿਰਨ ਦਾ ਪਰਗਾਸ ਹੋ ਆਂਵਦਾ ਹੈ ਤੇ ਫਿਰ ਇਹ ਜੋਤਿ-ਪਰਗਾਸ ਸਾਰੇ ਤ੍ਰਿਭਵਣੀ ਪਸਾਰੇ ਵਿਚ ਆ ਪ੍ਰਤੀਬਿੰਬਤ ਹੁੰਦਾ ਹੈ। ਅੰਮ੍ਰਿਤ ਦਾ ਝਰਨਾ ਦਸਮ ਦੁਆਰ ਤੋਂ ਸਫੁਟ ਹੋ ਜਗਿਆਸੂ ਦੇ ਰਗੋ ਰੇਸ਼ੇ ਵਿਚ ਠੰਢਕ ਤੇ ਮਿਠਾਸ ਦਾ ਸਿੰਚਾਰ ਕਰ ਦੇਂਦਾ ਹੈ। ਦਿਬ-ਸੁਰਤੀ ਸਪੰਨ ਅਦ੍ਰਿਸ਼ਟ ਵਾਹਿਗੁਰੂ ਅੰਤਰ-ਆਤਮੇ ਗਜ ਵਜ ਕੇ ਪਰਗਟ ਹੋਇ ਆਂਵਦਾ ਹੈ। ਇਸ ਗੁਹਜ ਵਰਤਾਰੇ ਦੀ ਸਾਖ ਗੁਰੂ ਪਾਤਸ਼ਾਹ ਗੁਰਬਾਣੀ ਅੰਦਰ ਭਰਦੇ ਹਨ ਅਤੇ ਇਹ ਸਾਖੀ ਇਸ ਪਰਕਾਰ ਹੈ —

ਹਰਿਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ॥ ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥ ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥ ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥ ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥੧੨॥

ਸਿਰੀ ਰਾਗ ਕੀ ਵਾਰ, ਪੰਨਾ ੮੭

"ਸੋ ਦੇਖਿਆ ਗੁਰਮੁਖਿ ਆਖੀ" ਵਾਲੀ ਕਲਾ ਕ੍ਰਿਸ਼ਮਾਇਣੀ ਦਸ਼ਾ, ਗੁਰ-ਸ਼ਬਦ ਦੀ ਘਾਲ-ਕਮਾਈ ਦੁਆਰਾ ਹੀ ਵਰਤਦੀ ਹੈ ਅਤੇ ਅਵੱਸ਼ ਵਰਤਦੀ ਹੈ। ਬਜਰ ਕਪਾਟ ਖੋਲ੍ਹਣ ਦੀ ਇਹ ਕੁੰਜੀ ਹੈ—

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥ ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥ ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ ਗੁਰਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ...॥੧੪॥

ਗੂਜਰੀ ਕੀ ਵਾਰ, ਪੰਨਾ ੫੧੪

---

* ਪ੍ਰਭਾਤੀ ਮ: ੧, ॥੧॥(੪॥੭) ਪੰਨਾ ੧੩੨੯



www.AKJ.Org

# ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

[ਵਲੋਂ:—ਗਿਆਨੀ ਜੀਤ ਸਿੰਘ ਜੀ, ਧਾਰ, ਬੰਬਈ ਪ੨]

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਤੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਕੀਤਾ ਤੇ ਆਪ ਗੁਰੂ ਗ੍ਰੰਥ ਸਾਹਿਬ ਜੀ ਤੋਂ ਨੀਵੇਂ ਥਾਂ ਹੋ ਬੈਠੇ, ਭਾਵ ਸ਼ਬਦ ਨੂੰ ਉਚਾ ਅਸਥਾਨ ਦਿਤਾ ਤੇ ਸਰੀਰ ਨੂੰ ਨੀਵਾਂ।

ਪੋਥੀ ਪਰਮੇਸਰ ਕਾ ਥਾਨੁ ॥੨॥੯੦॥੧੧੩॥

[ਸਾਰੰਗ ਮ: ੫, ਪੰਨਾ ੧੨੨੬

ਸ਼ਬਦ ਦਾ ਹੀ ਸਤਿਕਾਰ ਸਭ ਗੁਰੂ ਸਾਹਿਬਾਨ ਨੇ ਆਪ ਕੀਤਾ ਤੇ ਸਿਖਾਂ ਨੂੰ ਵੀ ਇਹੋ ਉਪਦੇਸ਼ ਦਿਤਾ। ਸ਼ਬਦ ਹੀ ਗੁਰੂ ਹੈ। ਗੁਰੂ ਜੋਤਿ ਸ਼ਬਦ ਹੀ ਹੈ, ਜੋ ਦਸੋਂ ਗੁਰੂ ਸਾਹਿਬਾਂ ਅੰਦਰ ਇਕ ਜੋਤਿ ਹੋ ਕੇ ਪ੍ਰਵੇਸ਼ ਕਰਦੀ ਰਹੀ। ਦਸੋ ਗੁਰੂ ਇਕ ਜੋਤਿ ਸਨ।

ਸ੍ਰੀ ਨਾਨਕ ਅੰਗਦਿ ਕਰਿ ਮਾਨਾ ਅਮਰ ਦਾਸ ਅੰਗਦ ਪਹਿਚਾਨਾ ॥ ਅਮਰਦਾਸ ਰਾਮਦਾਸ ਕਹਾਯੋ। ਸਾਧਨਿ ਲਖਾ, ਮੂੜ੍ਹ ਨਹ ਪਾਯੋ ॥੯॥ ਭਿੰਨ ਭਿੰਨ ਸਭਹੂੰ ਕਰ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ ॥ ਜਿਨ ਜਾਨਾ ਤਿਨ ਹੀ ਸਿਧ ਪਾਈ। ਬਿਨ ਸਮਝੇ ਸਿਧ ਹਾਥ ਨ ਆਈ ॥੧੦॥

[ਬਚਿਤਰ ਨਾਟਕ

ਦਸੋਂ ਸਤਿਗੁਰਾਂ ਦੀ ਇਕ ਜੋਤਿ ਸੀ ਤੇ ਉਹ ਗੁਰੂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਅਗੇ ਦਸਮੇਸ਼ ਪਿਤਾ ਨੇ ਆਪ ਸਿਰ ਨਿਵਾ ਕੇ ਗੁਰਿਆਈ ਦਾ ਤਿਲਕ ਦਿਤਾ ਤੇ ਫ਼ੁਰਮਾਨ ਕੀਤਾ:—

"...... ...ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ....... "

ਜੋ ਸਾਰਾ ਸਿਖ ਪੰਥ ਰੋਜ਼ ਇਹ ਦੋਹਰਾ ਦੁਹਰਾਂਦਾ ਹੋਇਆ ਪ੍ਰਵਾਨ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਹੀ ਇਸ ਵੇਲੇ "ਚਵਰ ਤਖ਼ਤ ਦੇ ਮਾਲਕ ਹਨ"। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:—

ਵਡਾ ਤੇਰਾ ਦਰਬਾਰੁ, ਸਚਾ ਤੁਧੁ ਤਖਤੁ ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥

[ਰਾਮਕਲੀ ਕੀ ਵਾਰ, ਪਉੜੀ ੧੬, ਪੰਨਾ ੯੬੪

ਸੋ ਤਖ਼ਤ ਉਪਰ ਤਖ਼ਤ ਦਾ ਮਾਲਕ ਹੀ ਬੈਠ ਸਕਦਾ ਹੈ।

ਤਖਤਿ ਬਹੈ ਤਖਤੈ ਕੀ ਲਾਇਕ ॥

ਮਾਰੂ ਸੋਲਹੇ ਮ: ੧, ॥੧੪॥ ਪੰਨਾ ੧੦੩੯

ਸਿਖ ਧਰਮ ਦੇ ਪੰਜ ਤਖ਼ਤ ਮੰਨੇ ਗਏ ਹਨ। ਇਨ੍ਹਾਂ ਤਖ਼ਤਾਂ ਤੋਂ ਫ਼ੁਰਮਾਨ ਵੀ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਤਖ਼ਤਾ ਉਪਰ ਤਖ਼ਤ ਦੇ ਮਾਲਕ ਨੂੰ ਸੁਭਾਇਮਾਨ ਨਹੀਂ ਕੀਤਾ ਜਾਂਦਾ, ਸ਼ਸਤਰ ਅਸਤਰ ਰਖੇ ਜਾਂਦੇ ਹਨ। ਸ਼ਸਤਰ ਅਸਤਰ ਤਾਂ ਸ਼ਹਿਨਸ਼ਾਹ ਦੇ ਅਗੇ ਭੇਟਾ ਵਜੋਂ ਹੋਰ ਭੇਟਾਵਾਂ ਸਹਿਤ ਆਉਂਦੇ ਹਨ। ਸੋ ਭੇਟਾਵਾਂ ਨੂੰ ਤਾਂ ਤਖ਼ਤਾਂ ਤੇ ਰਖਿਆ ਜਾਂਦਾ ਹੈ ਤੇ ਤਖ਼ਤ ਦੇ ਮਾਲਕ ਦਾ ਸਥਾਨ ਤਖ਼ਤ ਤੋਂ ਲਾਂਭੇ ਇਕ ਪਾਸੇ ਬਣਾ ਦਿਤਾ ਹੋਇਆ ਹੈ, ਜੋ ਕਿ ਭਾਰੀ ਅਪਮਾਨ ਹੈ। ਸਿਖ ਧਰਮ ਦੀ ਇਹ ਮੂਲ ਫ਼ਿਲਾਸਫ਼ੀ ਹੈ। ਜਦੋਂ ਤਕ ਤਖ਼ਤ ਉਪਰ ਅਸੀਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਸੁਭਾਇਮਾਨ ਨਹੀਂ ਕਰਦੇ, ਉੱਨਾ ਚਿਰ ਅਸਾਂ ਇਸ ਮੂਲ ਸਿਧਾਂਤ ਦੀ ਪਾਲਨਾ ਨਹੀਂ ਕੀਤੀ। ਤਖ਼ਤ ਤਾਂ ਪਾਤਸ਼ਾਹ ਲਈ ਹੁੰਦਾ ਹੈ। ਪਾਤਸ਼ਾਹ ਤੋਂ ਬਿਨਾਂ ਤਖ਼ਤ ਹੀ ਪ੍ਰਵਾਨ ਨਹੀਂ, ਸੁੰਜਾ ਪਿਆ ਹੈ।

ਸੋ ਦਾਸ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ, ਤਖ਼ਤ ਸਚਖੰਡ ਪ੍ਰਬੰਧਕ ਬੋਰਡ, ਤੇ ਹੈਡ ਪੁਜਾਰੀ ਤੇ ਸਾਰੇ ਪੰਥ ਦਾ ਧਿਆਨ ਇਸ ਪਾਸੇ ਦਿਵਾਉਂਦਾ ਹੋਇਆ ਬੇਨਤੀ ਕਰਦਾ ਹੈ ਕਿ ਜਲਦੀ ਤੋਂ ਜਲਦੀ ਇਹ ਬੇਅਦਬੀ ਦੂਰ ਕੀਤੀ ਜਾਵੇ ਅਤੇ ਤਖ਼ਤਾਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇ। ਹਾਂ ਸ਼ਸਤਰਾਂ ਲਈ ਵੀ ਹਜ਼ੂਰ ਦੇ ਅਗੇ ਸੁੰਦਰ ਤੋਂ ਸੁੰਦਰ ਸਜਾਵਟ ਸਹਿਤ ਅਸਥਾਨ ਸਸ਼ੋਭਤ ਕੀਤਾ ਜਾਵੇ।



www.AKJ.Org

# ਸੋਨੇ ਦੀ ਚਿੜੀ

[ਵਲੋਂ—ਭਾਈ ਮਾਲਕ ਸਿੰਘ ਜੀ, ਜੰਮੂ]

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥

ਧੰਨ ਹਨ ਮਾਤਾ ਪੰਜਾਬ ਕੌਰ ਅਤੇ ਪਿਤਾ ਸ: ਨੱਥਾ ਸਿੰਘ ਜੀ (ਜੱਜ ਹਾਈ ਕੋਰਟ ਨਾਭਾ) ਜਿਨ੍ਹਾਂ ਨੇ ਇਕ ਐਸੇ ਮਹਾਨ ਪਰਉਪਕਾਰੀ, ਮਹਾਨ ਦੇਸ਼ ਭਗਤ, ਬ੍ਰਹਮ ਗਿਆਨੀ, ਨਾਮ ਦੇ ਰਸੀਏ, ਕੀਰਤਨ ਦੇ ਆਸ਼ਕ, ਅਠੋ ਪਹਿਰ ਨਾਮ ਬਾਣੀ ਵਿਚ ਲਿਵ-ਲੀਨ ਰਹਿਣ ਵਾਲੇ, ਸੱਚੇ ਪੰਥ-ਹਿਤੈਸ਼ੀ, ਮਹਾਨ ਲਿਖਾਰੀ, ਆਤਮਕ ਖੋਜੀ, ਕਥਨੀ ਕਰਨੀ ਅਤੇ ਰਹਿਣੀ ਬਹਿਣੀ ਦੇ ਸੂਰੇ, ਗੁਰਮੁਖਿ ਪਿਆਰੇ, ਸਤਿਕਾਰ ਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਜਿਨ੍ਹਾਂ ਨੂੰ ਉਨ੍ਹਾਂ ਦੇ ਨਿਕਟਵਰਤੀ ਪਿਆਰ ਵਜੋਂ ਬਾਪੂ ਜੀ ਕਹਿ ਕੇ ਸਨਮਾਨਦੇ ਸਨ ਅਤੇ ਪੰਥ ਵਲੋਂ ਇਸ ਮਹਾਨ ਸ਼ਖ਼ਸੀਅਤ, ਮਹਾਨ ਆਤਮਾ ਨੂੰ "ਸੋਨੇ ਦੀ ਚਿੜੀ" ਕਹਿ ਕੇ ਸਨਮਾਨਿਆ ਜਾਂਦਾ ਰਿਹਾ, ਐਸੇ ਤਪੱਸਵੀ ਨੂੰ ੨੫ ਹਾੜ ਸੰਮਤ ੧੯੩੫ ਬਿਕ੍ਰਮੀ ਮੁਤਾਬਕ ੭ ਜੁਲਾਈ ੧੮੭੮, ਐਤਵਾਰ ਨੂੰ, ਅੱਜ ਤੋਂ ਪੂਰੇ ਸੌ ਸਾਲ ਪਹਿਲਾਂ, ਜਨਮ ਦੇ ਕੇ ਸਿਖ ਪੰਥ ਦਾ ਸਿਰ ਉਚਾ ਕੀਤਾ।

ਉਨ੍ਹਾਂ ਦੇ ਜੀਵਨ ਦੀਆਂ ਕੁਝ ਕੁ ਝਲਕਾਂ ਨਿਕਟਵਰਤੀ ਜੀਅੜੇ ਲਿਖ ਕੇ ਦਾਸ ਜੈਸੇ ਅਨੇਕਾਂ ਭੁਲੜਾਂ, ਕੁਰਾਹੇ ਜਾਂਦਿਆਂ ਨੂੰ ਗੁਰਸਿਖੀ ਅਤੇ ਗੁਰਮਤਿ ਮਾਰਗ ਤੇ ਚਲਣ ਦੀ ਪ੍ਰੇਰਨਾ ਦੇਣ ਲਈ ਰੋਸ਼ਨ-ਮੁਨਾਰੇ ਬਣ ਸਕਦੇ ਹਨ ਅਤੇ ਅਗਵਾਈ ਦੇ ਕੇ ਸਹਾਇਕ ਹੋ ਸਕਦੇ ਹਾਂ।

ਭਾਈ ਸਾਹਿਬ ਜੀ ਨੇ ਕੌਮ ਅਤੇ ਦੇਸ਼ ਦੀ ਸੇਵਾ ਕਰਨ ਹਿਤ ਜੋ ਜੋ ਤਸੀਹੇ, ਮੁਸੀਬਤਾਂ, ਅਸਹਿ ਤੇ ਅਕਹਿ ਕਸ਼ਟ ਸਹਾਰੇ, ਉਹਨਾਂ ਦੀ ਮਿਸਾਲ ਉਹ ਆਪ ਹੀ ਹਨ। ਅ ਪ ਜੀ ਦੇ ਜੀਵਨ ਦੀ ਵਿਸ਼ੇਸ਼ਤਾ ਇਹ ਹੈ ਕਿ ਗੁਰਮਤਿ ਨੂੰ ਬਰਕਰਾਰ ਰਖਣ ਖਾਤਰ ਆਪ ੧੯੧੫-੩੦ ਤਕ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਰਹੇ ਤੇ ਘੋਰ ਤਪੱਸਿਆ ਕੀਤੀ। ਨਾਮ ਦਾ ਖੰਡਾ ਖੜਕਾਇਆ ਅਤੇ ਜੇਲ੍ਹਾਂ ਨੂੰ ਪਵਿਤਰ ਕੀਤਾ। ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਰਹਿ ਕੇ ਰਹਿਤ-ਮਰਯਾਦਾ ਨੂੰ ਉਜਾਗਰ ਕੀਤਾ। ਗੁਰ-ਮਤਿ ਤੇ ਪੂਰਾ ਪਹਿਰਾ ਦਿਤਾ। ਕਈ ਵਾਰੀ ੪੦-੪੦ ਦਿਨ ਕੜਾਕੇ ਕਟੇ, ਭੁਖੇ ਤਿਹਾਏ ਰਹੇ, ਪਰ ਇਸ ਦੇ ਬਾਵਜੂਦ ਵੀ ਗੁਰਸਿਖ ਰਹਿਣੀ ਤੇ ਗੁਰਮਤਿ ਅਸੂਲਾਂ ਨੂੰ ਹਰ ਪ੍ਰਕਾਰ ਨਿਭਾਇਆ। ਸਿਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਦੇ ਸਾਡੇ ਲਈ ਪੂਰਨੇ ਪਾਏ। 'ਜੇਲ੍ਹ ਚਿੱਠੀਆਂ' ਆਪ ਜੀ ਦੀ ਰਚਿਤ ਪੁਸਤਕ ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ ਕਿ ਕਿਵੇਂ ਆਪ ਜੀ ਨੇ ਜੇਲ੍ਹ ਦੀਆਂ ਬੰਦ ਕੋਠੜੀਆਂ ਤੇ ਕਾਲ ਕੋਠੜੀਆਂ ਵਿਚ ਗੁਰਮਤਿ-ਮਾਰਗ ਨੂੰ ਨਿਭਾਉਣ ਖਾਤਰ, ਭਿਆਨਕ ਕਸ਼ਟਾਂ ਦਾ ਟਾਕਰਾ ਕੀਤਾ। ਆਪ ਜੀ ਦਾ ਜੀਵਨ ਇਕ ਸੰਜਮੀ ਜੀਵਨ ਸੀ। ਅਠੋ ਪਹਿਰ ਨਾਮ ਦੀ ਰੰਗਣ ਵਿਚ ਰਹਿਣਾ, ਗੁਰਬਾਣੀ ਦਾ ਪਾਠ, ਇਕੋ ਆਸਣ ਸ੍ਰੀ ਅਖੰਡ ਪਾਠ ਦਾ ਸੁਣਨਾ, ਲਗਾਤਾਰ ਅਖੰਡ ਕੀਰਤਨ ਵਿਚ ਜੁੜੇ ਰਹਿਣਾ, ਆਪ ਜੀ ਦੇ ਜੀਵਨ ਦਾ ਸ਼ਿੰਗਾਰ ਸੀ। ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਰਹਿੰਦੇ ਹੋਇਆਂ ਵੀ ਆਪ ਨੇ ਅਨੇਕਾਂ ਪ੍ਰਾਣੀਆਂ ਨੂੰ ਗੁਰਮਤਿ ਦਾ ਪਾਂਧੀ ਬਣਾਇਆ। ਹਜ਼ਾਰੀ ਬਾਗ ਜੇਲ੍ਹ ਦੇ ਬਿਹਾਰੀ ਸਿਪਾਹੀ ਰਾਧਾ ਸਿੰਘ ਤੇ ਨਾਮ ਬਾਣੀ ਦੀ ਐਸੀ ਰੰਗਣ ਚੜ੍ਹੀ ਕਿ ਇਸ ਨੇ ਆਪਣੇ ਕਈ ਪਰਵਾਰ ਕੇਸਾਧਾਰੀ ਸਜਾ ਦਿਤੇ ਅਤੇ ਕਈ ਕਈ ਬਾਣੀਆਂ ਕੰਠ ਕਰ ਲਈਆਂ।

ਐਸੀਆਂ ਅਨਗਿਣਤ ਮਿਸਾਲਾਂ ਸਾਨੂੰ ਉਹਨਾਂ ਦੇ ਜੀਵਨ ਤੋਂ ਮਿਲਦੀਆਂ ਹਨ, ਜਿਨ੍ਹਾਂ 'ਚੋਂ ਕੁਝ ਕੁ ਦਾ ਇਸ਼ਾਰੇ ਮੁਤਾਬਕ ਵੇਰਵਾ 'ਜੇਲ੍ਹ ਚਿਠੀਆਂ' ਅਤੇ 'ਰੰਗਲੇ ਸੱਜਣ' ਪੁਸਤਕਾਂ ਵਿਚੋਂ ਮਿਲਦਾ ਹੈ।



www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ–ਜੇ. ਪੀ. ਸੰਗਤ ਸਿੰਘ ਜੀ, 75/3 ਮੁਲੁੰਡ ਕਾਲੋਨੀ, ਬੰਬਈ-82]

(ਲੜੀ ਜੋੜਨ ਲਈ ਦੇਖੋ ਫ਼ਰਵਰੀ ੧੯੭੮)

## ਅਦ੍ਵੈਤ ਸਰੂਪ--ਪ੍ਰਭੂ

ਭੁਜੰਗ ਪ੍ਰਯਾਤ ਛੰਦ॥

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥ ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥
ਨਮੋ ਅੰਧਕਾਰੇ ਨਮੋ ਤੇਜ ਤੇਜੇ॥ ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥੧੮੫॥

ਸ਼ਬਦਾਰਥ–ਸੂਰਜ ਸੂਰਜੇ=ਸੂਰਜਾਂ ਦਾ ਵੀ ਸੂਰਜ, ਸੂਰਜ ਨੂੰ ਵੀ ਪ੍ਰਕਾਸ਼ ਦੇਣ ਵਾਲਾ। ਚੰਦ੍ਰ ਚੰਦ੍ਰੇ=ਚੰਨਾਂ ਦਾ ਵੀ ਚੰਨ, ਚੰਨ ਨੂੰ ਸੀਤਲਤਾ ਤੇ ਚਾਨਣੀ ਬਖਸ਼ਣ ਵਾਲਾ। ਇੰਦ੍ਰ ਇੰਦ੍ਰੇ=ਇੰਦ੍ਰ ਰਾਜੇ ਦਾ ਵੀ ਰਾਜਾ। ਬ੍ਰਿੰਦ ਬ੍ਰਿੰਦੇ=ਜੀਵਾਂ ਦਾ ਇਕੱਠ। ਬੀਜ ਬੀਜੇ=ਸਭ ਦਾ ਮੂਲ, ਮੁਢ।

ਭਾਵਾਰਥ–ਪ੍ਰਭੂ, ਤੂੰ ਸੂਰਜ ਨੂੰ ਵੀ ਪ੍ਰਕਾਸ਼ ਦੇਣ ਵਾਲਾ ਹੈਂ, ਚੰਨ ਨੂੰ ਚਾਨਣੀ ਤੇ ਸੀਤਲਤਾ ਤੂੰ ਹੀ ਪ੍ਰਦਾਨ ਕਰਦਾ ਹੈਂ। ਤੂੰ ਰਾਜਿਆਂ ਦਾ ਰਾਜਾ ਹੈਂ, ਇੰਦ੍ਰ ਦਾ ਵੀ ਰਾਜਾ ਹੈਂ। ਅੰਧਕਾਰ ਵੀ ਤੂੰ ਹੀ ਹੈਂ ਤੇ ਪ੍ਰਕਾਸ਼ ਵੀ ਤੂੰ ਹੀ ਹੈਂ। ਜੀਵਾਂ ਦਾ ਸਮੂਹ ਵੀ ਤੂੰ ਹੀ ਹੈਂ ਤੇ ਸੂਖਮ ਰੂਪ ਵਿਚ ਮੂਲ ਵੀ ਤੂੰ ਹੀ ਹੈਂ।

ਕਾਵਿ ਭਾਵਾਰਥ–

ਨਮਸਕਾਰ ਤੈਨੂੰ ਮੇਰੇ ਪ੍ਰਭੂ ਦਾਤਾ, ਸੂਰਜ ਤਾਈਂ ਤੂਹੀਓਂ ਹੀ ਜਲਾਲ ਬਖਸ਼ੇਂ।
ਨਮਸਕਾਰ ਤੈਨੂੰ ਮੇਰੇ ਪ੍ਰਭੂ ਸੁਆਮੀ, ਤੂ ਹੀ ਚੰਦ੍ਰਮਾ ਤਾਈਂ ਜਮਾਲ ਬਖਸ਼ੇਂ।
ਨਮਸਕਾਰ ਕਰਨਾ ਤੈਨੂੰ ਪ੍ਰਭੂ ਮੇਰੇ, ਸਭੀ ਰਾਜਿਆਂ ਦਾ ਮਹਾਰਾਜਾ ਹੈਂ ਤੂੰ।
ਰਾਜਾ ਇੰਦ੍ਰ ਜੋ ਰਾਜਾ ਹੈ ਦੇਵਤਿਆਂ ਦਾ, ਓਸ ਇੰਦ੍ਰ ਦਾ ਵੀ ਪ੍ਰਭੂ ਰਾਜਾ ਹੈਂ ਤੂੰ।
ਘੁਪ ਹਨੇਰਾ ਵੀ ਤੂੰ, ਮਹਾਂ ਚਾਨਣ ਵੀ ਤੂੰ, ਤੈਨੂੰ ਦਾਤਾ ਡੰਡੌਤ ਪ੍ਰਨਾਮ ਮੇਰਾ।
ਤੂਹੀਓ ਸੂਖਮ ਏਂ ਨਾਲੇ ਅਸਥੂਲ ਵੀ ਏਂ, ਤੈਨੂੰ ਦਾਤਾ ਆਦੇਸ਼ ਪ੍ਰਨਾਮ ਮੇਰਾ।

ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥ ਨਮੋ ਪਰਮ ਤਤ ਅਤਤੰ ਸਰੂਪੇ॥
ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥ ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੮੬॥

ਸ਼ਬਦਾਰਥ–ਤਾਮਸੰ=ਅਗਿਆਨ। ਸ਼ਾਂਤ ਰੂਪ=ਪਵਿਤ੍ਰਤਾ ਰੂਪ, ਭਲਾਈ। ਅਤਤੰ=ਮਾਇਆ ਦੇ ਪ੍ਰਭਾਵ ਤੋਂ ਮੁਕਤ। ਜੋਗ ਜੋਗੇ=ਜੋਗ ਚੋਂ ਮਹਾਨ ਜੋਗ। ਗਿਆਨ ਗਿਆਨੇ=ਗਿਆਨਾਂ ਚੋਂ ਪਰਮ ਗਿਆਨ। ਮੰਤ੍ਰ ਮੰਤ੍ਰੇ=ਮੰਤ੍ਰਾਂ ਦਾ ਮੰਤ੍ਰ। ਧਿਆਨ ਧਿਆਨੇ=ਧਿਆਨਾਂ ਚੋਂ ਅਤਿ ਡੂੰਘਾ ਧਿਆਨ।

ਭਾਵਾਰਥ–ਸੰਸਾਰ-ਰਚਨਾ ਦੇ ਤਿੰਨੇ ਗੁਣਾਂ ਰਜੋ (ਮੋਹ ਤੇ ਹੰਕਾਰ), ਤਮੋ (ਅਗਿਆਨ, ਮਨ ਦਾ ਹਨੇਰਾ) ਤੇ ਸਤੋ (ਸ਼ਾਂਤੀ) ਦਾ ਤੂੰ ਹੀ ਸੋਮਾ ਹੈਂ । ਤੂੰ ਸੰਸਾਰ-ਰਚਨਾ ਦੇ ਤੱਤਾਂ ਤੋਂ ਨਹੀਂ ਬਣਿਆ। ਤੂੰ ਮਹਾਨ ਜੋਗ ਅਤੇ ਮਹਾਂ ਗਿਆਨ ਹੈਂ। ਤੂੰ ਹੀ ਮਹਾਂ ਮੰਤ੍ਰ ਅਤੇ ਡੂੰਘੀ ਸਮਾਧੀ ਹੈਂ। ਤੈਨੂੰ ਨਮਸਕਾਰ ਹੈ।

ਕਾਵਿ ਭਾਵਾਰਥ–

ਰਜੋ ਸਤੋ ਤੇ ਤਮੋ ਜੋ ਗੁਣ ਤਿੰਨੇ, ਤਿੰਨਾਂ ਗੁਣ ਦੇ ਸੁਆਮੀ, ਆਦੇਸ ਤੈਨੂੰ।
ਪੰਜਾਂ ਤਤਾਂ ਨੂੰ ਤੂ ਹੀ ਬਣਾਣ ਵਾਲਾ, ਪਰ ਹੈਂ ਆਪ ਅਤੱਤ ਆਦੇਸ ਤੈਨੂੰ।
ਮਹਾਂ ਜੋਗ ਹੈਂ ਸਾਰਿਆਂ ਜੋਗਾਂ ਚੋਂ ਤੂੰ, ਅਤੇ ਪਰਮ ਗਿਆਨ ਗਿਆਨਾਂ ਵਿਚੋਂ।
ਮਹਾਂ ਮੰਤ੍ਰ ਮੰਤ੍ਰਾਂ ਚੋਂ ਆਦੇਸ ਤੈਨੂੰ, ਡੂੰਘਾ ਧਿਆਨ ਹੈਂ ਤੂੰ ਸਭਨਾਂ ਧਿਆਨਾਂ ਵਿਚੋਂ।



www.AKJ.Org

ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥ ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥
ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥ ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੮੭॥

ਸ਼ਬਦਾਰਥ—ਜੁਧ ਜੁਧੇ = ਲੜਾਈ ਵਿਚ ਜਿਤਣ ਵਾਲਾ । ਭੋਜ ਭੋਜੇ = ਰੋਜ਼ੀ ਰਿਜ਼ਕ ਦਾ ਦਾਤਾ। ਪਾਨ ਪਾਨੇ = ਜੀਵਾਂ ਦਾ ਰੋਜ਼ੀ ਰਿਜ਼ਕ ਜਿਸਦੇ ਹਥ ਵਿਚ ਹੋਵੇ। ਕਲਹ ਕਰਤਾ = ਝਗੜਾ ਕਰਨ ਵਾਲਿਆਂ ਦਾ ਵੀ ਰਚਣਹਾਰ। ਸਾਂਤ = ਠੰਢ। ਅਨਾਦਿ = ਜਿਸ ਦਾ ਅਰੰਭ ਕੋਈ ਨ ਹੋਵੇ। ਬਿਭੂਤ = ਤੇਜ ਪ੍ਰਤਾਪ।

ਭਾਵਾਰਥ—ਤੂੰ ਸਦਾ ਹੀ ਜੰਗਾਂ ਜੁਧਾਂ ਵਿਚ ਜਿਤ ਪ੍ਰਾਪਤ ਕਰਨ ਵਾਲਾ ਹੈਂ । ਤੂੰ ਹੀ ਗਿਆਨ ਦਾਤਾ ਹੈਂ, ਮਹਾਂ ਗਿਆਨ ਹੈਂ, ਸਭ ਨੂੰ ਰੋਜ਼ੀ ਰਿਜ਼ਕ ਦੇਣ ਵਾਲਾ ਹੈਂ ਅਤੇ ਸਭ ਜੀਵਾਂ ਦਾ ਰੋਜ਼ੀ ਰਿਜ਼ਕ ਤੇਰੇ ਹੀ ਹੱਥ ਵਿਚ ਹੈ। ਤੂੰ ਹੀ ਝਗੜੇ ਕਰਨ ਵਾਲਿਆਂ ਦਾ ਕਰਤਾ ਹੈਂ ਅਤੇ ਉਹਨਾਂ ਨੂੰ ਵੀ ਸ਼ਾਂਤ ਕਰਨ ਵਾਲਾ ਹੈਂ। ਇੰਦ੍ਰ ਵਰਗੇ ਰਾਜਿਆਂ ਦਾ ਵੀ ਤੂੰ ਰਾਜਾ ਹੈਂ। ਤੇਰਾ ਕੋਈ ਆਦ ਅਰੰਭ ਨਹੀਂ ਮਿਲਦਾ। ਤੇਰਾ ਤੇਜ ਵੀ ਅਨਾਦੀ ਹੈ। ਤੈਨੂੰ ਨਮਸਕਾਰ ਹੋਵੇ।

ਕਾਵਿ ਭਾਵਾਰਥ—

ਹਰ ਇਕ ਜੰਗ ਜੁਧ ਨੂੰ ਤੂ ਹੀ ਜਿਤਣ ਵਾਲਾ, ਤੈਨੂੰ ਨਮੋ ਹੇ ਸ੍ਰੇਸ਼ਟ ਗਿਆਨ ਦਾਤਾ।
ਰੋਜ਼ੀ ਰਿਜ਼ਕ ਸਭ ਦਾ ਹੀ ਹੈ ਹੱਥ ਤੇਰੇ, ਮੇਰੀ ਨਮੋ ਤੈਨੂੰ ਤੇ ਪ੍ਰਣਾਮ ਦਾਤਾ।
ਝਗੜੇ ਝਿੰਜਟ ਵਾਲੇ ਪੈਦਾ ਕਰੇਂ ਆਪੇ, ਆਪੇ ਸ਼ਾਂਤੀ ਵਰਤਾਏਂ, ਅਦੇਸ ਤੈਨੂੰ।
ਰਾਜਾ, ਇੰਦ੍ਰ ਦਾ, ਤੇਜ ਅਨਾਦ ਤੇਰਾ, ਨਮਸਕਾਰ ਤੈਨੂੰ ਤੇ ਅਦੇਸ ਤੈਨੂੰ।

ਕਲੰਕਾਰ ਰੂਪੇ ਅਲੰਕਾਰ ਅਲੰਕੇ ॥ ਨਮੋ ਆਸ ਆਸੇ ਨਮੋ ਬਾਂਕ ਬੰਕੇ ॥
ਅਭੰਗੀ ਸਰੂਪੇ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੮੮॥

ਸ਼ਬਦਾਰਥ—ਕਲੰਕਾਰ = ਕਲੰਕ+ਅਰ = ਕਲੰਕ ਦਾ ਵੈਰੀ, ਕਲੰਕ ਰਹਿਤ। ਅਲੰਕਾਰ = ਗਹਿਣੇ। ਅਲੰਕ = ਗਹਿਣੇ। ਅਲੰਕਾਰ ਅਲੰਕੇ = ਗਹਿਣਿਆਂ ਦਾ ਗਹਿਣਾ, ਸੁਹਣਿਆਂ ਦਾ ਸੁਹਣਾ। ਆਸ ਆਸੇ = ਆਸਾਂ ਦੀ ਆਸ। ਬਾਂਕ ਬੰਕੇ = ਬਾਂਕਿਆਂ ਦਾ ਬਾਂਕਾ, ਸੁਹਣਿਆਂ ਦਾ ਸੁਹਣਾ । ਤ੍ਰਿਭੰਗੀ = ਤਿੰਨਾਂ ਹੀ ਲੋਕਾਂ ਦਾ ਨਾਸ ਕਰਨ ਵਾਲਾ। ਤ੍ਰਿਕਾਲ = ਤਿੰਨਾਂ ਕਾਲਾਂ ਵਿਚ ਹੀ ਮੌਜੂਦ, ਸਦੀਵੀ।

ਭਾਵਾਰਥ—ਪ੍ਰਭੂ, ਤੇਰਾ ਰੂਪ ਕਲੰਕ ਰਹਿਤ ਹੈ । ਤੂੰ ਗਹਿਣਿਆਂ ਦਾ ਵੀ ਗਹਿਣਾ ਹੈਂ, ਭਾਵ ਗਹਿਣਿਆਂ ਦੀ ਸਜਾਵਟ ਵੀ ਤੂੰ ਹੀ ਹੈਂ। ਤੂੰ ਆਸਾਂ ਦੀ ਵੀ ਆਸ ਰੂਪ ਹੈਂ । ਤੂੰ ਸੁਹਣਿਆਂ ਦਾ ਸੁਹੱਪਣ ਹੈਂ। ਤੈਨੂੰ ਮੇਰੀ ਨਮਸਕਾਰ ਹੈ। ਤੇਰਾ ਸਰੂਪ ਅਬਿਨਾਸ਼ੀ ਹੈ। ਤੂੰ ਅੰਗ ਰਹਿਤ ਤੇ ਨਾਮ ਰਹਿਤ ਹੈਂ। ਤਿੰਨਾਂ ਹੀ ਲੋਕਾਂ ਦਾ ਨਾਸ ਕਰਨ ਵਾਲਾ ਅਤੇ ਤਿੰਨਾਂ ਹੀ ਕਾਲਾਂ ਵਿਚ ਮੌਜੂਦ ਹੈਂ । ਤੂੰ ਅੰਗਾਂ, ਅਕਾਰ ਅਤੇ ਕਾਮਨਾਂ ਰਹਿਤ ਹੈਂ। ਤੈਨੂੰ ਨਮਸਕਾਰ ਹੈ।

ਕਾਵਿ ਭਾਵਾਰਥ—

ਹਰ ਕਲੰਕ ਤੋਂ ਰਹਿਤ ਹੈ ਰੂਪ ਤੇਰਾ, ਗਹਿਣਾ ਗਹਿਣਿਆਂ ਦਾ, ਤੂੰ ਦਾਤਾਰ ਮੇਰੇ।
ਹਰ ਇਕ ਆਸ ਦੀ ਤੂੰ ਹੀ ਹੈਂ ਆਸ ਪ੍ਰੀਤਮ, ਸੁਹਣਾ ਸੁਹਣਿਆਂ ਚੋਂ ਹੇ ਕਰਤਾਰ ਮੇਰੇ।
ਤੇਰਾ ਅੰਗ, ਅਕਾਰ ਨਾ ਨਾਂ ਕੋਈ, ਨਾਸ ਰਹਿਤ ਹੈ ਦਾਤਾ, ਸਰੂਪ ਤੇਰਾ।
ਤਿੰਨਾਂ ਭਵਨਾਂ ਨੂੰ ਤੂੰ ਨਾਸ ਕਰਨ ਵਾਲਾ, ਹਾਜ਼ਰ ਨਾਜ਼ਰ ਤ੍ਰੈਕਾਲ ਹੈ ਰੂਪ ਤੇਰਾ।
ਹੇ ਅਨੰਗ ! ਤੇਰਾ ਅੰਗ ਅਕਾਰ ਕੋਈ ਨਹੀਂ, ਤੈਨੂੰ ਮੇਰੀ ਡੰਡੌਤ, ਪ੍ਰਨਾਮ ਮੇਰਾ।
ਕੋਈ ਵੀ ਕਾਮਨਾ ਨਹੀਂ ਤੈਨੂੰ ਪੋਹ ਸਕਦੀ, ਹੇ ਅਕਾਮ ! ਹੈ ਤੈਨੂੰ ਪ੍ਰਨਾਮ ਮੇਰਾ।



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੬)

[ਵਲੋਂ—ਕੈਪਟਿਨ ਸਵਰਨ ਸਿੰਘ ਘੜਿਆਲਾ]

(ਲੜੀ ਜੋੜਨ ਲਈ ਵੇਖੋ ਜੂਨ ੧੯੭੮)

## ਸ਼ਾਹ ਦਾ ਸਰਹੰਦ ਵਿਚ ਰੁਕਣਾ—

ਸ਼ਾਹ ੯ ਕੁ ਦਿਨ ਸਰਹੰਦ ਰਿਹਾ। ਉਤੋਂ ਉਤੋਂ ਤਾਂ ਸੈਰ ਸ਼ਿਕਾਰ ਦਾ ਦਿਲ-ਪ੍ਰਚਾਵਾ ਜ਼ਾਹਿਰ ਕੀਤਾ ਗਿਆ, ਪਰ ਅਸਲ ਮਕਸਦ ਕਈ ਸਨ। ਸ: ਆਲਾ ਸਿੰਘ ਨਾਲ ਨਿਪਟਣ ਤੋਂ ਪਿਛੋਂ ਉਸ ਨੂੰ ਆਸ ਸੀ ਕਿ ਏਡੀ ਕਰਾਰੀ ਸੱਟ ਖਾ ਕੇ ਖਾਲਸਾ ਜੀ ਕੁਰਲਾ ਉਠੇਗਾ ਤੇ ਸੁਲਹਾ ਦੇ ਪਰਦੇ ਥਲੇ ਮਨ-ਮਰਜ਼ੀ ਦੀਆਂ ਸ਼ਰਤਾਂ ਰਖ ਕੇ ਪੂਰਾ ਜ਼ਲੀਲ ਕਰਾਂਗਾ। ਕੁਝ ਰੂ-ਰਿਆਇਤਾਂ ਦੇ ਕੇ ਐਸੀ ਪਾਟੋ-ਝੀੜ ਪਾਵਾਂਗਾ ਕਿ ਇਹ ਤਾਕਤ ਆਪੋ ਵਿਚ ਹੀ ਅੜੀ ਫਸੀ ਰਹੇ ਤੇ ਇਸ ਤਰ੍ਹਾਂ ਇਹਨਾਂ ਨੂੰ ਹਿਕਮਤੇ ਅਮਲੀ ਨਾਲ ਸਿਫ਼ਰ ਕਰ ਦੇਵਾਂਗਾ। ਪਰ ਆਲਾ ਸਿੰਘ ਦੇ ਵਕੀਲ ਨੇ, ਜੋ ਜਵਾਬ ਖਾਲਸਾ ਜੀ ਵਲੋਂ ਮਿਲਿਆ ਸੀ, ਆਣ ਕੇ ਦਸਿਆ ਤਾਂ ਉਸ ਨੂੰ ਇਹ ਵਿਉਂਤ ਸਿਰੇ ਚੜ੍ਹਦੀ ਨਜ਼ਰ ਨਾ ਆਈ।

ਭੀਖਣ ਖ਼ਾਂ, ਖਾਸ ਕਰ ਜ਼ੈਨ ਖ਼ਾ, ਰਾਏ ਕੋਟ ਦਾ ਰਾਏ ਤੇ ਦੀਵਾਨ ਲਛਮੀ ਨਰਾਇਣ ਆਪਣਾ ਹੋਰ ਰੁਅਬ ਤੇ ਦਬਦਬਾ ਬਣਾਉਣ ਲਈ ਸ਼ਾਹ ਨੂੰ ਕੁਝ ਚਿਰ ਲਈ ਇਸ ਇਲਾਕੇ ਵਿਚ ਅਟਕਾਉਣਾ ਤੇ ਉਸ ਦਾ ਭਰਮਣ ਕਰਾਉਣਾ ਚਾਹੁੰਦੇ ਸਨ। ਨਾਲੇ ਸ਼ਾਹ ਦੀ ਸ਼ੁਕਰ-ਗੁਜ਼ਾਰੀ ਵਜੋਂ ਉਸ ਦਾ ਸੈਰ-ਸ਼ਿਕਾਰ ਤੇ ਜ਼ਿਆਫ਼ਤਾਂ ਕਰ ਕੇ ਇਹਸਾਨ-ਮੰਦੀ ਵਿਖਾਉਂਦਿਆਂ ਹੋਇਆਂ ਜੀਅ ਵੀ ਪਰਚਾਉਣਾ ਚਾਹੁੰਦੇ ਸਨ। ਅੰਦਰ ਖਾਤੇ ਇਹ ਗੱਲ ਦੋਵੇਂ ਧਿਰਾਂ ਹੀ ਸਮਝਦੀਆਂ ਸਨ। ਸਾਂਝੇ ਹਊਏ ਨੇ ਏਨਾ ਭੈ-ਭੀਤ ਕੀਤਾ ਹੋਇਆ ਸੀ ਕਿ ਅੰਦਰਲੇ ਡਰ ਦੀ ਪਰਦਾ-ਪੋਸ਼ੀ ਇਹਨਾਂ ਖੇਖਣਾਂ ਨਾਲ ਕਰਦੇ ਫਿਰਦੇ ਸਨ। ਭੀਖਣ ਖਾਂ, ਜ਼ੈਨ ਖਾਂ, ਲਛਮੀ ਨਰਾਇਣ ਅੰਦਰੋਂ ਸਮਝਦੇ ਸਨ ਕਿ ਖਾਲਸੇ ਨੂੰ ਜੋ ਭਾਜੀ ਚਾੜ੍ਹੀ ਹੈ, ਇਸ ਦਾ ਉਹ ਨਿਉਂਦਾ ਜ਼ਰੂਰ ਪਾਉਣਗੇ। ਤੇ ਪਾਉਣਗੇ ਵੀ ਛੇਤੀ ਹੀ। ਕਿਉਂਕਿ ਉਹ ਪੂਰੀ ਤਰ੍ਹਾਂ ਸਿੰਘਾਂ ਦੇ ਸੁਭਾ ਤੇ ਹੱਠ ਤੋਂ ਵਾਕਫ ਸਨ। ਉਹ ਜਾਣਦੇ ਸਨ ਕਿ ਨਿਉਂਦਾ ਆਵੇਗਾ ਵੀ ਮੋੜਵਾਂ ਤੇ ਐਨ ਤਟ ਫਟ, ਨਾਲੇ ਇੱਕੀ ਇਕੱਤੀ ਨਹੀਂ, ਸਗੋਂ ਇਕੋਤ੍ਰੀਆਂ ਆਉਣਗੀਆਂ। ਜਿੰਨਾ ਚਿਰ ਸ਼ਾਹ ਕੋਲ ਰਹਿੰਦਾ ਹੈ ਓਨੇ ਦਿਨ ਰਜ ਕੇ ਖਾ ਸਕਾਂਗੇ ਤੇ ਨਿੱਡਰ ਹੋ ਕੇ ਸੌਂ ਸਕਾਂਗੇ। ਸ਼ਾਹ ਨੇ ਇਸ ਸਮੇਂ ਨੂੰ ਨਿਰੀਆਂ ਜ਼ਿਆਫ਼ਤਾਂ ਵਿਚ ਹੀ ਨਹੀਂ ਗਵਾਇਆ, ਉਸ ਨੇ ਕੁਝ ਪਕਿਆਈ ਦੇ ਕੰਮ ਵੀ ਕੀਤੇ, ਜੋ ਰਾਜਨੀਤੀ ਦੇ ਪਖੋਂ ਸ਼ਲਾਘਾ ਯੋਗ ਸਨ।

## ਸ਼ਾਹ ਦੀਆਂ ਪਕਿਆਈਆਂ—

ਸ਼ਾਹ ਨੇ ਸ: ਆਲਾ ਸਿੰਘ ਤੋਂ ਸਵਾ ਛੇ ਲਖ ਵੀ ਮਾਠ ਲਿਆ ਤੇ ਆਪਣੀ ਸੋਚੇ ਆਪਣਾ ਅਨੁਸਾਰੀ ਵੀ ਬਣਾ ਲਿਆ। ਜ਼ੈਨ ਖ਼ਾਂ ਸਰਹੰਦ ਦਾ ਗਵਰਨਰ ਰਹਿਣ ਦਿਤਾ। ਸਆਦਤ ਖਾਂ ਨੂੰ ਜਲੰਧਰ ਦੁਆਬ ਦਾ ਗਵਰਨਰ ਥਾਪਿਆ। ਆਲਾ ਸਿੰਘ ਨੂੰ ਉਸ ਦੇ ਇਲਾਕੇ ਵਿਚ ਪਕਿਆਂ ਕੀਤਾ।*

---

* ਅਲੀਉੱਦੀਨ—ਇਬਰਤਨਾਮਾ ੨੬੮, ਤਹਿਮਾਸ ਨਾਮਾਂ ॥। ਅ; ਬੂਟੇ ਸ਼ਾਹ, ਤਾਰੀਖ਼ੇ ਪੰਜਾਬ, "ਓ"—੬੨੭; ਤਜ਼ਕਿਰਾਹੇ ਖਾਨਦਾਨੇ ਫੂਲਕੀਆਂ-੧੭; ਸ: ਕਰਮ ਸਿੰਘ ਜੀ ਹਿਸਟੋਰੀਅਨ ਮ: ਆਲਾ ਸਿੰਘ—੨੨੨. ਬੂਟੇ ਸ਼ਾਹ ਤੇ ਤਜ਼ਕਰਾਹੇ ਖਾਨਦਾਨੇ ਫੂਲਕੀਆਂ ਵਾਲੇ ਮੰਨਦੇ ਹਨ ਕਿ ਆਲਾ ਸਿੰਘ ਨੇ ਚਾਰ ਲਖ ਸ਼ਾਹ ਨੂੰ ਦਿਤਾ। ਪਰ ਕਨ੍ਹੀਆ ਲਾਲ ਆਪਣੀ ਪ੍ਰਸਿਧ ਪੁਸਤਿਕ ਤਾਰੀਖੇ ਪੰਜਾਬ ਦੇ ਸਫਾ ੮੫ ਤੇ ੭ ਲਖ ਦੀ ਰਕਮ ਦਿਤੀ ਲਿਖਦਾ ਹੈ।



www.AKJ.Org

ਸਰਹੰਦ ਹੀ ਅਬਦਾਲੀ ਨੇ ਸਿਰਕੱਢ ਰੁਹੇਲੇ ਅਫ਼ਗਾਨ ਸਰਦਾਰਾਂ ਤੇ ਹਿੰਦੁਸਤਾਨੀ ਮੁਖੀ ਅਮੀਰਾਂ ਨੂੰ ਆਪਣੀ ਹਾਜ਼ਰੀ ਵਿਚ ਸੱਦ ਘਲਿਆ। ਇਹਨਾਂ ਸਾਰਿਆਂ ਵਿਚੋਂ ਸਿਰਫ਼ ਨਜੀਬ ਉੱਦੌਲਾ ਹੀ ਆਇਆ। ਬਾਕੀ ਕੋਈ ਨਹੀਂ ਅਪੜਿਆ। ਨਜੀਬ-ਉੱਦੌਲਾ ਉਸ ਨਾਲ ਅਪ੍ਰੈਲ ਦੇ ਪਹਿਲੇ ਹਫਤੇ ਤਕ ਰਿਹਾ। ਦੂਜਿਆਂ ਵਲੋਂ ਸ਼ਾਹ ਬੜਾ ਦੁਖੀ ਹੋਇਆ। ਪਰ ਨਜੀਬ ਉੱਦੌਲਾ ਦੀ ਕਾਰਗੁਜ਼ਾਰੀ ਤੇ ਫ਼ਰਮਾ-ਬਰਦਾਰੀ ਤੇ ਬੜਾ ਖੁਸ਼ ਹੋਇਆ ਤੇ ਉਸਨੇ ਖੁਲ੍ਹੇ ਆਮ ਆਖਿਆ:—"ਸਾਰੇ ਹਿੰਦੁਸਤਾਨੀ ਅਫ਼ਗਾਨਾਂ ਵਿਚੋਂ ਸਿਰਫ ਨਜੀਬ ਹੀ ਮਰਦ ਅਖਵਾਉਣ ਵਾਲਾ ਹੈ। ਮੈਂ ਇਸ ਕੌਮ ਤੇ ਬੜੇ ਇਹਸਾਨ ਕੀਤੇ ਹਨ ਤੇ ਅਥਾਹ ਰਿਆਇਤਾਂ ਬਖਸ਼ੀਆਂ ਹਨ, ਪਰ ਇਹਨਾਂ ਤੇ ਭੋਰਾ ਅਸਰ ਨਹੀਂ ਹੋਇਆ। ਇਹਨਾਂ ਚੋਂ ਇਕ ਵੀ ਆਦਮੀ, ਏਥੋਂ ਤਕ ਕਿ ਸੁਜਾਹ ਉੱਦੌਲਾ ਵੀ ਮੇਰੇ ਤਕ ਔਖੇ ਵੇਲੇ ਨਹੀਂ ਆਇਆ।" ਨਜੀਬ ਉਦੌਲਾ ੧੫ ਅਪ੍ਰੈਲ ਨੂੰ ਮੁੜ ਦਿਲੀ ਅੱਪੜ ਗਿਆ।*

ਅਬਦਾਲੀ ਇਹ ਸਾਰੀਆਂ ਪਕਿਆਈਆਂ, ਇਹ ਨਵੇਂ ਗਵਰਨਰ ਥਾਪਣੇ, ਸਾਰੇ ਅਫਗਾਨ ਤੇ ਮੁਖੀ ਹਿੰਦੀ ਅਮੀਰ ਤੇ ਸਰਦਾਰ ਸਦ ਕੇ ਲਾਮਬੰਦ ਕਰਨੇ ਉਸ ਦੇ ਇਸ ਡਰ ਨੂੰ ਪੂਰੀ ਤਰ੍ਹਾਂ ਉਘੇੜਦੇ ਹਨ, ਜੋ ਉਸ ਨੂੰ ਖਾਲਸਾ ਜੀ ਦੇ ਫਿਰ ਉਠ ਕੇ ਬਿਫਰੇ ਤੇ ਜ਼ਖਮੀ ਸ਼ੇਰ ਵਾਂਗ ਪੈਣ ਦੇ ਅਨੁਭਵ ਤੋਂ ਆ ਰਿਹਾ ਸੀ।

## ਸਿੰਘਾਂ ਦੇ ਸਿਰਾਂ ਦੇ ਗੱਡੇ ਤੇ ਲਾਹੌਰ ਨੂੰ ਮੋੜਾ--

੧੫ ਫਵਰੀ ੧੭੬੨ ਈਸਵੀ ਨੂੰ ਅਬਦਾਲੀ ਨੇ ਸਰਹੰਦੋਂ ਲਾਹੌਰ ਵਲ ਨੂੰ ਕੂਚ ਕੀਤਾ।† ਰਸਤੇ ਦੇ ਆਲੇ ਦੁਆਲੇ ਪਰਗਣਿਆਂ ਨੂੰ ਭੈ-ਭੀਤ ਕਰਨ ਲਈ ਤੇ ਆਪਣੀ ਲੜਾਈ ਨੂੰ ਜਿਤ ਦਾ ਰੂਪ ਦੇਣ ਲਈ ਘਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਸਿਰਾਂ ਨਾਲ ੫੦ ਗੱਡੇ ਲਦਵਾ ਕੇ ਬੜੇ ਤਕੜੇ ਧੂਮ ਧੜਕੇ ਨਾਲ ਮਨਜ਼ਲਾਂ ਕਰਦਾ ਲਾਹੌਰ ਨੂੰ ਆਇਆ। ਰਸਤੇ ਵਿਚ ਵਸਦੇ ਨਿਰਦੋਸ਼ ਬੱਚੇ ਬੁਢੇ, ਇਸਤ੍ਰੀ ਪੁਰਸ਼ਾਂ ਨੂੰ, ਜਿਨ੍ਹਾਂ ਗਰੀਬਾਂ ਕਦੀ ਵੀ ਜੰਗੀ ਸਿੰਘਾਂ ਦਾ ਸਾਥ ਨਹੀਂ ਸੀ ਦਿਤਾ, ਕੈਦੀ ਬਣਾ ਕੇ ਬੰਨ੍ਹੀ ਲਿਆਇਆ। ਮੁੜਦਿਆਂ ਰਸਤੇ ਵਿਚ ਖਾਲਸਾ ਜੀ ਦਾ ਡਰ ਕੋਈ ਨਹੀਂ ਸੀ, ਗ਼ਾਜ਼ੀਆਂ ਦਾ ਜਨੂੰਨ ਜੋਬਨ ਤੇ ਸੀ, ਸ਼ਾਹ ਦੁਰਾਨੀ ਦੇ ਇਸਲਾਮੀ ਤੁਅਸਬ ਦੀ ਇਹ ਸ਼ਿਖਰ ਸੀ।‡

ਸ਼ਾਹ ਦੁਰਾਨੀ ੩ ਮਾਰਚ ਨੂੰ ਲਾਹੌਰ ਅਪੜਿਆ। ਦਿਲੀ ਦਰਵਾਜ਼ੇ ਦੇ ਬਾਹਿਰ ਸਿਰਾਂ ਨਾਲ ਭਰੇ ਸਾਰੇ ਗੱਡੇ ਖ਼ਾਲੀ ਕਰਕੇ ਬੜਾ ਤਕੜਾ ਮੁਨਾਰਾ ਬਣਾ-ਇਆ ਗਿਆ, ਤਾਕਿ ਸ਼ਹਿਰ ਦੇ ਲੋਕ ਤੇ ਖਾਸ ਤੌਰ ਤੇ ਮੁਲਾਣੇ ਕਲੇਜਾ ਠੰਡਾ ਕਰ ਲੈਣ ਤੇ ਦੁਰਾਨੀ ਫ਼ੌਜ ਅਤੇ ਅਹਿਮਦ ਸ਼ਾਹ ਦੀ ਸੂਰਮਗਤੀ ਨੂੰ ਅਖੀਂ ਵੇਖ ਲੈਣ। ਅੱਜ ਉਹ ਵੀ ਖੁਸ਼ੀ ਵਿਚ ਫੂਲੇ ਨਹੀਂ ਸਨ ਸਮ੍ਹਾਉਂਦੇ ਤੇ ਚਾਂਭਲੇ ਹੋਏ ਨਚ ਟੱਪ ਰਹੇ ਸਨ, ਜਿਨ੍ਹਾਂ ਦਾ ਸਿੰਘ ਨੂੰ ਵੇਖਦੇ ਸਾਰ ਹੀ ਤੰਬਿਆਂ ਵਿਚ ਕਰੂਰਾ ਵਗ ਜਾਂਦਾ ਸੀ। ਸਮੇਂ ਦੀ ਚਾਲ ਹੈ ਨਾ!

ਪਿੰਡਾਂ ਵਿਚੋਂ ਫੜ ਕੇ ਲਿਆਂਦੇ ਭੋਲੇ ਭਾਲੇ ਸਿਖਾਂ ਨੂੰ ਤੇ ਬੱਚਿਆਂ ਨੂੰ ਬੜੀ ਬੇਦਰਦੀ ਨਾਲ ਕਤਲਾਇਆ ਗਿਆ ਤੇ ਉਹਨਾਂ ਦੇ ਖ਼ੂਨ ਨਾਲ ਮਸਜਿਦਾਂ ਦੇ ਫ਼ਰਸ਼ ਤੇ ਕੰਧਾਂ ਧੋਤੀਆਂ ਗਈਆਂ। ਹਜ਼ਰਤ ਮੁਹੰਮਦ ਦੇ ਧਰਮ ਦੀ ਹੋਈ ਬੇਹੁਰਮਤੀ ਦੇ

---

* ਸ਼ਅਬਾਨ ਮਹੀਨੇ ਦੇ ਪਹਿਲੇ ਹਫਤੇ, ਲਗ ਪਗ ੭ ਮਾਰਚ ੧੭੬੨ ਨੂੰ ਸ਼ਾਹ ਅਬਦਾਲੀ ਤੇ ਸ਼ਾਹ ਵਲੀ ਖਾਨ ਨੇ ਸਅਦਉਲਾ ਰੁਹੀਲੇ ਨੂੰ ਇਸ ਬਾਰੇ ਲਿਖਿਆ—ਮੁਰਾਸਲਾਤੇ ਅਹਿਮਦ ਸ਼ਾਹ ਦੁਰਾਨੀ- ਨੰ: ੩੭-੩੮,

† ਤਾਰੀਖੇ ਸਲਾਤੀਨੇ ਅਫ਼ਗਾਨਾ ੧੭੧-੨, ਅਲੀਉਦੀਨ ਇਬਰਤਨਾਮਾ-੧੨੪-ਅ; ਤਹਿਮਾਸ ਖਾਂ ਮਸਕੀਨ ਤਹਿਮਾਸ-ਨਾਮਾ ੨੪੪; ਰਾਜਵਾੜੇ ਗ੍ਰੰਥ ਛੇਵਾਂ ੩੮੨, ਦਿਹਲੀ ਕ੍ਰਾਨੀਕਲ ੧੯੦

‡ ਖੁਸ਼ਵਕਤ ਰਾਏ, ੯੫ ਗੋਸ਼ਾ-ਏ-ਪੰਜਾਬ, ੪੪



www.AKJ.Org

ਦਾਗ ਨੂੰ ਧੋਤਾ ਗਿਆ।‡

(He also caused the walls of the principal mosques, which had been polluted by the Sicques to be washed with their blood, that the contamination might be removed, and the ignoming offered to the religion of mahomet, expiated" -Forster)

ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਵੇਲੇ ਤਕ ਸਿਖਾਂ ਨੇ ਕਿਸੇ ਮਸਜਿਦ ਦੀ ਕੋਈ ਬੇਅਦਬੀ ਨਹੀਂ ਸੀ ਕੀਤੀ। ਤੇ ਜਿਨ੍ਹਾਂ ਦੇ ਖ਼ੂਨ ਨਾਲ ਇਹ ਧੋਤੀਆਂ ਗਈਆਂ ਸਨ ਉਹਨਾਂ ਤਾਂ ਕਿਤੇ ਇਹਨਾਂ ਦੀ ਸ਼ਕਲ ਵੀ ਨਹੀਂ ਵੇਖੀ ਹੋਣੀ, ਇਹਨਾਂ ਨੂੰ ਹੱਥ ਲਾਉਣਾ ਤਾ ਇਕ ਪਾਸੇ ਰਿਹਾ।

## ਅਬਦਾਲੀ ਦਾ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾਉਣਾ :-

ਅਬਦਾਲੀ ਤੇ ਅਬਦਾਲੀ ਦੀ ਸੈਨਾ ਦਾ ਇਹ ਦਮਗਜਾ ਕਿ ਉਹ ਹਮੇਸ਼ਾ ਲਈ ਸਿਖਾਂ ਦਾ ਸਤਿਆਨਾਸ ਕਰ ਆਏ ਹਨ, ਚੁਰਾਹੇ ਵਿਚ ਠੁਸ ਹੋ ਗਿਆ ਜਦ ਚਾਰ ਚੁਫੇਰੇ ਅੱਗ ਵਾਂਗ ਖਬਰਾਂ ਖਿਲਰ ਗਈਆਂ ਕਿ ਸਿੰਘ ਸ੍ਰੀ ਅੰਮ੍ਰਿਤਸਰ ਵੈਸਾਖੀ ਮਨਾ ਰਹੇ ਹਨ। ਇਹ ਸਿੰਘ ਕਿਥੋਂ ਆ ਗਏ, ਸ਼ਾਹ ਸੱਤੀਂ ਕਪੜੀ ਸੜ ਬਲ ਗਿਆ। ਤੁਅਸਬੀ ਭਾਰਤੀ ਮਸ਼ੀਰਾਂ, ਖਾਸ ਕਰ ਮੁਲਾਂ ਮੁਲਾਣਿਆਂ ਭੜਕਾਹਟ ਭਰੀ ਸਲਾਹ ਦਿਤੀ ਕਿ ਅੰਮ੍ਰਿਤਸਰ ਦੇ ਹਰੀਮੰਦਰ ਤੇ ਸਰੋਵਰ ਨੂੰ ਬਿਲਕੁਲ ਸਿਮਾਰ (ਮਲੀਆਮੇਟ) ਕਰ ਦਿਤਾ ਜਾਵੇ। ਕਲਹ ਦਾ ਖੁਰਾ ਖੋਜ ਹੀ ਮੁਕ ਜਾਵੇ। ੧੦ ਅਪ੍ਰੈਲ ੧੭੬੨ ਨੂੰ ਵੈਸਾਖੀ ਸੀ। ਦੁਰਾਨੀ ਇਕ ਤਕੜੀ ਫੌਜ ਲੈ ਕੇ ਇਕ ਦਿਨ ਪਹਿਲਾਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ, ਜਿਥੇ ਹੁਣ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਟੀ ਤੇ ਖਾਲਸਾ ਕਾਲਜ ਦਾ ਏਰੀਆ ਹੈ, ਮਲ ਕੇ ਬਹਿ ਗਿਆ ਕਿ ਤੜਕ ਸਾਰ ਜੁੜੇ ਸਿੰਘਾਂ ਤੇ ਹੱਲਾ ਬੋਲਿਆ ਜਾਵੇ ਸਿੰਘ ਵੀ ਅਵੇਸਲੇ ਨਹੀਂ ਸਨ। ਕਬੀਲਦਾਰ ਤੇ ਗੁਰਮੁਖ ਸਿੰਘਾਂ ਨੂੰ ਸਮੇਤ ਟਬਰ-ਟੀਹਰਾਂ ਦੇ ਵੈਸਾਖੀ ਦਾ ਇਸ਼ਨਾਨ ਸੋਧ ਕੇ ਰਾਤੋ ਰਾਤ ਨਿਕਲ ਜਾਣ ਲਈ ਕਿਹਾ ਗਿਆ। ਕੁਝਕੁ ਰਾਖੀ ਤੇ ਸੇਵਾ ਸੰਭਾਲ ਲਈ ਸਿੰਘ ਛਡ ਕੇ ਜੰਗੀ ਸਿੰਘਾਂ ਵੀ ਚੰਗੇ ਮੌਕੇ ਦੀ ਭਾਲ ਲਈ ਚੁਫੇਰੇ ਦੇ ਜੰਗਲਾਂ ਵਿਚ ਲੁਕ ਜਾਣਾ ਸਹੀ ਸਮਝਿਆ। ਖ਼ਿਆਲ ਸੀ ਕਿ ਅਬਦਾਲੀ ਝਖ ਮਾਰ ਕੇ ਮੁੜ ਜਾਵੇਗਾ।

ਅਬਦਾਲੀ ਜੋ ਆਸ ਲੈ ਕੇ ਆਇਆ ਸੀ, ਉਹ ਪੂਰੀ ਨਾ ਹੋਈ। ਬੜਾ ਰੋਹ ਚੜ੍ਹਿਆ। ਪਹਿਲਾਂ ਤਾਂ ਹਰਿਮੰਦਰ ਸਾਹਿਬ ਨੂੰ ਤੋਪਾਂ ਨਾਲ ਉਡਾਇਆ। ਜਦ ਤੋਪਾਂ ਨਾਲ ਕੰਮ ਪੂਰਾ ਹੁੰਦਾ ਨਾ ਦਿਸਿਆ ਤਾਂ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਵਿਚ ਬਰੂਦ ਦੇ ਕੁਪੇ ਰਖ ਕੇ ਇਮਾਰਤ ਨੂੰ ਉਡਾਇਆ ਗਿਆ। ਬੜੇ ਵੱਡੇ ਧਮਾਕੇ ਹੋਏ। ਇੱਟਾਂ, ਚੂਨਾ ਤੇ ਮਲਬਾ ਉਡ ਕੇ ਬੜੀ ਦੂਰ ਦੂਰ ਤਕ ਗਿਆ। ਏਸੇ ਮੌਕੇ ਤੇ ਦੇਵਨੇਤ ਨਾਲ ਇਕ ਉਡਦੀ ਹੋਈ ਇੱਟ ਅਬਦਾਲੀ ਦੇ ਮੂੰਹ ਨੱਕ ਤੇ ਵੱਜੀ। ਨੱਕ ਤੇ ਤਕੜਾ ਜ਼ਖਮ ਆਇਆ। ਜ਼ਖਮ ਵਧ ਕੇ ਏਨਾ ਖ਼ਰਾਬ ਹੋਇਆ ਕਿ ਨਾਸੂਰ ਬਣ ਗਿਆ। ਨਾਸੂਰ ਨੇ ਸਾਰਾ ਚਿਹਰਾ ਖਾ ਲਿਆ। ਦੁਰਾਨੀ ਨੂੰ ਮਸਨੂਈ ਨੱਕ ਲੁਆਉਣਾ ਪਿਆ। ਇਹ ਜ਼ਖ਼ਮ ਪੂਰੀ ਤਰ੍ਹਾਂ ਗਲ ਗਿਆ। ਨੱਕ ਵਿਚ ਕੀੜੇ ਪੈ ਗਏ। ਚਿਮਚੇ ਦੀ ਸਹਾਇਤਾ ਤੋਂ ਬਿਨਾਂ ਕੁਝ ਵੀ ਖਾਧਾ ਨਹੀਂ ਸੀ ਜਾਂਦਾ। ਖਾਣ ਵੇਲੇ ਜਾਂ ਪੀਣ ਵੇਲੇ ਗਲੇ ਹੋਏ ਨਾਸੂਰ ਦੇ ਕੀੜੇ ਮੂੰਹ ਵਿਚ ਡਿਗ ਪੈਂਦੇ ਸਨ।† ਏਥੋਂ ਤਕ ਕਿ ਖਾਣਾ ਪੀਣਾ ਵੀ ਛੁਟ ਗਿਆ। ਪਿਛਲੇ ਦੋ ਸਾਲ ਉਸ ਨੇ ਰਿੜਕ ਰਿੜਕ ਤੇ ਤੜਫ ਤੜਫ ਕੇ ਪੂਰੇ ਕੀਤੇ। ਆਖ਼ਰ ਏਸੇ ਨਾਸੂਰ ਨਾਲ ਸ਼ੁਕਰਵਾਰ ਵਾਲੇ ਦਿਨ ੨੦ ਰਜਬ ੧੧੯੬ ਹਿਜਰੀ

‡ਖਜ਼ਾਨਾ-ਏ-ਆਮਰਾ ੧੧੪, ਤਾਰੀਖ਼ੇ ਗਜ਼ਫਰੀ ੧੨੨ ੳ, ਖ਼ੁਸ਼ਵਕਤ ਰਾਏ ਤਾਰੀਖ਼ੇ ਸਿਖਾਂ-੬੫, ਫ਼ਾਰਿਸਟਰ 1, ਸਫਾ ੩੨੦

†ਡਾ: ਗੰਡਾ ਸਿੰਘ—ਅਹਿਮਦਸ਼ਾਹ ਦੁਰਾਨੀ ਸਫ਼ਾ ੩੨੬.



www.AKJ.Org

ਮੁਤਾਬਕ ੨੩ ਅਕਤੂਬਰ ੧੭੭੨ ਵਾਲੀ ਰਾਤ ਨੂੰ ਕੂਚ ਕਰ ਗਿਆ।†

ਹਰੀਮੰਦਰ ਸਾਹਿਬ ਦੀ ਪਵਿਤਰ ਇਮਾਰਤ ਨੂੰ ਰੇਜ਼ਾ ਰੇਜ਼ਾ ਕਰ ਕੇ ਢੇਰੀ ਕਰ ਦਿਤਾ। ਪ੍ਰਕਰਮਾਂ ਦੇ ਆਲੇ ਦਵਾਲੇ ਦੀਆਂ ਸਾਰੀਆਂ ਇਮਾਰਤਾਂ ਬੜੀ ਦੂਰ ਦੂਰ ਤਕ ਢਾਹ ਕੇ ਸਾਰਾ ਇੱਟ ਵੱਟਾ ਤੇ ਮਲਬਾ ਸਰੋਵਰ ਵਿਚ ਸੁਟਾ ਦਿਤਾ। ਵੈਸਾਖੀ ਨੂੰ ਕੀਤੇ ਗਏ ਸ਼ਹੀਦਾਂ ਦੀਆਂ ਲਾਸ਼ਾਂ ਵੀ ਸਰੋਵਰ 'ਚ ਹੀ ਸੁਟੀਆਂ ਗਈਆਂ। ਇਹ ਸਾਰਾ ਕੰਮ ਜਹਾਨ ਖ਼ਾਂ ਦੇ ਜ਼ਿਮੇ ਸੀ। ਸ਼ਹਿਰ ਦੀ ਹਿੰਦੂ ਤੇ ਮੁਸਲਮਾਨ ਜਨਤਾ ਨੇਜ਼ਿਆਂ ਨਾਲ ਅਗੇ ਲਾ ਕੇ ਇਹ ਜਬਰੋ-ਜ਼ੁਲਮ ਨਾਲ ਬੇਗਾਰ ਲਈ। ਆਲੇ ਦਵਾਲੇ ਦਿਆਂ ਪਿੰਡਾਂ ਵਿਚੋਂ ਵੀ ਗਰੀਬ ਕਮੀਣ ਕੰਮੀ ਜਾਂ ਸਿਖਾਂ ਤੋਂ ਬਿਨਾਂ ਜੋ ਵੀ ਰਹਿ ਗਏ ਸਨ, ਬੰਨ੍ਹ ਕੇ ਲੈ ਆਂਦੇ। ਅਨੇਕਾਂ ਗਊਆਂ ਜ਼ਿਬਾਹ ਕਰਾ ਕੇ ਉਨ੍ਹਾਂ ਦੇ ਸਿਰ, ਖਲਾਂ, ਓਝਰੀਆਂ ਤੇ ਆਂਦਰਾਂ ਸਰੋਵਰ ਵਿਚ ਸੁਟੀਆਂ ਗਈਆਂ।() ਵਾਧੂ ਘਾਟੂ ਸਭ ਹੱਡ ਮਾਸ, ਤੇ ਗੰਦਗੀ ਗਿਲਾਜ਼ਤ ਸਰੋਵਰ ਵਿਚ ਸੁਟ ਕੇ ਖ਼ਾਨ ਬਹਾਦਰਾਂ ਨੇ ਗੱਚ ਕਢਿਆ ਤੇ ਆਪਣੇ ਖਿਆਲ ਅਨੁਸਾਰ ਸਿੰਘਾਂ ਦਾ ਬਿਲਕੁਲ ਖ਼ਾਤਮਾਂ ਕਰ ਛਡਿਆ ਸੀ।

## *ਅਬਦਾਲੀ ਦਾ ਲਾਹੌਰ ਠਹਿਰਨਾ-*

ਅਹਿਮਦ ਸ਼ਾਹ ਦਸੰਬਰ ੧੭੬੨ ਦੇ ਅਖ਼ੀਰ ਤਕ ਪੰਜਾਬ ਵਿਚ ਹੀ ਰਿਹਾ। ਭਾਵ ਮਾਰਚ ਤੋਂ ਦਸੰਬਰ ਤਕ ਲਾਹੌਰ ਰਿਹਾ। ਏਸ ਸਮੇਂ ਵਿਚ ਹੀ ਉਸ ਨੇ ਆਪਣੇ ਬਾਪੇ ਗਵਰਨਰ ਕਸ਼ਮੀਰ ਸੁਖਜੀਵਨ ਨੂੰ, ਜੋ ਆਕੀ ਹੋ ਗਿਆ ਸੀ, ਮੁਹਿੰਮ ਘਲ ਕੇ, ਸੋਧ ਕੇ ਕਸ਼ਮੀਰ ਕਾਬੂ ਕੀਤਾ।

ਵਜ਼ੀਰ, ਸ਼ਾਹ ਵਲੀ ਖਾਨ ਦੀ ਨਸੀਹਤ ਤੇ ਪੇਸ਼ਵਾ ਨਾਲ ਮਿਤਰਤਾਈ ਨਵੇਂ ਸਿਰਿਉਂ ਗੰਢੀ।* ਏਥੇ ਹੀ ਹਿੰਦੁਸਤਾਨ ਦੇ ਹੋਰ ਅਮੀਰ ਕਬੀਰ ਸੱਦੇ ਤੇ ਆਪਣੀ ਤਾਕਤ ਦੀ ਚੰਗੀ ਪਕਿਆਈ ਕੀਤੀ। ਨਾਲ ਲਗਦਿਆਂ ਪੰਜਾਬ ਦੇ ਵੱਡੇ ਵੱਡੇ ਜ਼ਿਮੀਦਾਰਾਂ ਤੇ ਤਲਕੇਦਾਰਾਂ ਨੂੰ ਸਦ ਨਿਵਾਜਿਆ, ਪੂਰੀ ਹਲਾ-ਸ਼ੇਰੀ ਦਿਤੀ ਤੇ ਸਿਖਾਂ ਦਾ ਖੁਰਾਖੋਜ ਮਿਟਾਉਣ ਲਈ ਬੜੀਆਂ ਕਰੜੀਆਂ ਹਦਾਇਤਾਂ ਦਿਤੀਆਂ।‡ ਅਹਿਮਦ ਸ਼ਾਹ ਨੇ ਪੰਜਾਬ ਨੂੰ ਆਪਣੇ ਕਬਜ਼ੇ ਦੇ ਸ਼ਕੰਜੇ ਵਿਚ ਕੱਸਣ ਲਈ ਜੋ ਇਲਾਕਿਆਂ ਦੀ ਵੰਡ ਕੀਤੀ ਉਹ ਇਸ ਪ੍ਰਕਾਰ ਸੀ :—

---

†ਮੁੰਜਮਿਲ ਉੱਤ ਤਵਾਰੀਖ਼ ੧੪੭-੪੮; ਹੁਸੈਨ ਸ਼ਾਹੀ ੬੮-੭੦; ਤਵਾਰੀਖ਼ੇ ਸੁਲਤਾਨੀ ੧੪੬-੪੭; ਫ਼ੈਰੀਅਰ ਐਂਡ ਮੈਲੀਸਨ, ਹਿਸਟ੍ਰੀ ਆਫ ਦੀ ਅਫਗਾਨਿਸਤਾਨ, ੨੯੧-੯੨, ਐਲਫ਼ਿਨਸਟਨ, ਕਾਬਲ ੨੯੮. ਐਲ-ਫ਼ਿਨਸਟਨ ਸਾਹਿਬ ਫੈਰੀਅਰ ਅਤੇ ਮੈਲੀਸਨ ਸਾਹਿਬ ਦੀ ਲਿਖਤ ਨੂੰ ਪ੍ਰਮਾਣੀਕ ਜਾਣ ਕੇ ਸ਼ਾਹ ਦੀ ਮੌਤ ਜੂਨ ਦਾ ਕੋਈ ਦਿਨ ੧੭੭੩ ਮੰਨਦਾ ਹੈ। ਮੁੰਜਮਿਲ ਉਤ ਤਵਾਰੀਖ ਵਾਲੇ ਮੁਤਾਬਕ ਜਮਾਦੀ ਉੱਸਾਨੀ ਦੇ ਅਖੀਰ ਵਿਚ ਸੰਨ ਹਿਜਰੀ ੧੧੮੫ ਨੂੰ ਹੈ ਤੇ ਈਸਵੀ ਸੰਨ ਵਿਚ ਅਕਤੂਬਰ ੧੭੭੧ ਬਣਦਾ ਹੈ। ਉਮਾਦੁਤ ਤਵਾਰੀਖ਼ ਹਿਸਾ ਪਹਿਲਾ ਸਫਾ ੧੬੬ ਅਨੁਸਾਰ ਸ਼ਾਹ ੨ ਰਜਬਉਲ ਅਵਲ ੧੧੬੬ ਜਾਂ ਜੂਨ ੧੦, ੧੭੭੨ ਬਣਦਾ ਹੈ, ਡਾ: ਗੰਡਾ ਸਿੰਘ ਜੀ ਆਪਣੀ ਪ੍ਰਸਿਧ ਪੁਸਤਕ ਅਹਿਮਦ ਸ਼ਾਹ ਦੁਰਾਨੀ ਵਿਚ ਅਫ਼ਗਾਨ ਇਤਿਹਾਸਕਾਰਾਂ ਦੀਆਂ ਲਿਖਤਾਂ ਨੂੰ ਪਰਮਾਣੀਕ ਮੰਨਦੇ ਹਨ ਤੇ ਸ਼ੁਕਰਵਾਰ ਦੀ ਰਾਤ, ੨੦ ਰਜਬ ੧੧੮੬ ਹਿਜਰੀ ਜਾਂ ਅਕਤੂਬਰ ਦੀ ੨੩, ੧੭੭੨ ਨੂੰ ਦਰੁਸਤ ਮੰਨਦੇ ਹਨ। ਦਰੁਸਤ ਇਹੋ ਹੀ ਜਾਪਦਾ ਹੈ। ਇਹ ਲਿਖਤਾਂ ਹਨ ਤਾਰੀਖੇ ਸਲਤਾਨੀ ਅਤੇ ਸਿਰਾਜੁਤ ਤਵਾਰੀਖ। ਬਾਕੀ ਹੁਸੈਨ ਸ਼ਾਹੀ ਕੋਈ ਮਿਤੀ ਨਹੀਂ ਦੇਂਦੀ।

()ਨੂਰਉੱਦੀਨ, ਤਾਰੀਖੇ ਨਜੀਬਉੱਦੌਲਾ, ੫੭ੳ; ਮੈਲਕਮ, ਸਕੈਚ ਆਫ਼ ਦੀ ਸਿਖਸ, ੯੮; ਖੁਸ਼ਵਕਤ ਰਾਏ ੯੫; ਰਤਨ ਸਿੰਘ ਭੰਗੂ ੪੪੨; ਅਹਿਮਦ ਸ਼ਾਹ ੮੮੮; ਤਾਰੀਖੋ ਸੁਲਤਾਨੇ ਅਫ਼ਗਾਨਾਂ ੧੭੨; ਬੂਟੇ ਸ਼ਾਹ ੧੫ ੳ, ਰਤਨ ਚੰਦ, ੩੩; ਗਨੇਸ਼ਦਾਸ, ੨੦੦, ੨੦੧; ਗੁਲਜ਼ਾਰੇ ਸ਼ਾਹੀ, ੫੨੫,

* ਖਜ਼ਾਨਾ ਏ ਆਮਰਾ ੧੧੪; ਤਾਰੀਖੇ ਮੁਜ਼ੱਫਰੀ ੧੨੨ ੳ; ਖੁਸ਼ਵਕਤ ਰਾਏ ੯੫; ਫਾਰੈਸਟਰ, ੩੨੦; ਹਰੀ ਰਾਮ ਗੁਪਤਾ, ਹਿਸਟਰੀ ਆਫ ਦੀ ਸਿਖਸ, ਭਾਗ ਦੂਜਾ, ੧੮੫.

‡ ਨੂਰਉੱਦੀਨ ੫੭ ੳ, ਅਹਿਮਦ ਸ਼ਾਹ ੮੮੬.



www.AKJ.Org

ਲਾਹੌਰ—ਕਾਬਲੀ ਮਲ
ਸਰਹੰਦ—ਜ਼ੈਨ ਖਾਂ
ਪਹਾੜ ਬਿਆਸ-ਸਤਲੁਜ ਦੇ ਵਿਚਕਾਰ—ਰਾਜਾ ਘੁਮੰਡ ਚੰਦ ਕਟੋਚ ਕਾਂਗੜੀਆ
ਜਲੰਧਰ ਦੁਆਬ—ਸਆਦਤ ਖ਼ਾਂ
ਕਲਾਨੌਰ—ਖ਼ਵਾਜਾ ਉਬੈਦ ਖ਼ਾ
ਬਾਰੀ ਦੁਆਬ—ਮੁਰਾਦ ਖ਼ਾਂ
ਰਚਨਾ ਅਤੇ ਲਹਿੰਦਾ ਸਿੰਧ ਸਾਗਰ—ਜਹਾਨ ਖ਼ਾਂ
ਕਸ਼ਮੀਰ—ਨੂਰੁੱਦੀਨ ਬਾਮਜ਼ੇਈ।†

## ਸ਼ਾਹ ਕਲਾਨੌਰ ਵਿਚ—

ਜੇਠ ਦੀ ਤਿਖੜ ਗਰਮੀ ਵਿਚ ਸ਼ਾਹ ਲਈ ਲਾਹੌਰ ਠਹਿਰਨਾ ਅਤਿ ਕਠਿਨ ਸੀ। ਕਲਾਨੌਰ ਜੋ ਰਾਵੀ ਦੀ ਬੇਟ ਲਾਗੇ ਹੈ ਤੇ ਪਹਾੜਾਂ ਦੇ ਕੁਝ ਨਜ਼ਦੀਕ ਹੋਣ ਕਰਕੇ ਠੰਡਾ ਥਾਂ ਵੀ ਹੈ, ਦੁਰਾਨੀ ਆਪਣਾ ਹੈਡਕੁਆਟਰ ਏਥੇ ਲੈ ਆਇਆ। ਚੁਮਾਸਾ ਏਥੇ ਹੀ ਕਟਿਆ। ਇਸ ਸਾਲ ਬਾਰਸ਼ ਵੀ ਲੋਹੜੇ ਦੀ ਹੋਈ ਸੀ। ਵਰਖਾ ਦੇ ਕਾਰਨ ਨਾ ਤਾ ਦੁਰਾਨੀ ਸਿੰਘਾਂ ਦਾ ਕੁਝ ਵਿਗਾੜ ਸਕੇ ਤੇ ਨਾ ਸਿੰਘ ਹੀ ਦੁਰਾਨੀਆਂ ਵਿਰੁਧ ਕੁਝ ਕਰ ਸਕੇ। ਪਰ ਦੁਰਾਨੀਆਂ ਦੇ ਪਖੀ ਚੌਧਰੀਆਂ ਨੂੰ ਸਿੰਘਾਂ ਸਿਰ ਨਾ ਚੁਕਣ ਦਿਤਾ। ਜਿਥੇ ਕਿਤੇ ਕਿਸੇ ਸਿਰ-ਫਿਰੇ ਨੇ ਸ਼ਾਹ ਦੀ ਸ਼ਹਿ ਤੇ ਸਿਰ ਚੁਕਣ ਦੀ ਕੋਸ਼ਿਸ਼ ਕੀਤੀ, ਸਿੰਘਾਂ ਭਜਾ ਕੇ ਅੰਦਰ ਵਾੜ ਦਿਤਾ। ਸ਼ਾਹ ਦੇ ਕਲਾਨੌਰ ਬੈਠਿਆਂ ਹੋਇਆਂ ਗੁਰਦਾਸਪੁਰ, ਬਟਾਲਾ ਵੀ ਸਿੰਘਾਂ ਉਗਰਾਹ ਲਿਆ।

ਇਸ ਅਨਕੂਲ ਸਮੇਂ ਤੋਂ ਲਾਹਾ ਲੈਂਦਿਆਂ ਸ: ਜੱਸਾ ਸਿੰਘ ਆਹਲੂਵਾਲੀਏ ਤੇ ਤਾਰਾ ਸਿੰਘ ਗੈਬੇ ਨੇ ਸਾਰਾ ਬਿਸਤ-ਦੁਆਬ ਗਾਹ ਸੁਟਿਆ। ਸਰਕਾਰੀ ਚੌਂਕੀਆਂ ਉਠਾ ਕੇ ਆਪਣੇ ਕਬਜ਼ੇ ਚੰਗੀ ਤਰ੍ਹਾਂ ਪੱਕੇ ਕਰ ਲਏ। ਲਾਹੌਰ ਦੇ ਉਦਾਲੇ ਪੁਦਾਲੇ ਦੀ ਵੀ ਚੰਗੀ ਖ਼ਬਰ ਲਈ। ਲਾਹੌਰ ਦੇ ਲਹਿੰਦੇ ਤੇ ਉੱਤਰ ਵਾਲੇ ਪਾਸੇ ਸ: ਚੜ੍ਹਤ ਸਿੰਘ ਸ਼ੁਕਰਚਕੀਏ ਅਤੇ ਭੰਗੀ ਸਰਦਾਰਾਂ ਨੇ ਗੁਜਰਾਂਵਾਲਾ ਤੇ ਗੁਜਰਾਤ ਫਿਰ ਦੁਬਾਰਾ ਕਾਬੂ ਕਰ ਕੇ ਪੱਕੀ ਪੈਰੀਂ ਕਬਜ਼ਾ ਜਮਾ ਲਿਆ।

ਸਿੰਘਾਂ ਨੇ ਏਥੇ ਹੀ ਬਸ ਨਹੀਂ ਕੀਤੀ, ਸਗੋਂ ਦਲ ਖ਼ਾਲਸਾ ਦੇ ਦੂਸਰੇ ਸਿਰਕੱਢ ਸਰਦਾਰਾਂ ਨੇ ਇਕ ਤਕੜਾ ਹਿੱਸਾ ਨਾਲ ਲੈ ਕੇ ਸਰਹੰਦ ਵਲ ਦਾ ਤੇ ਉਸ ਦੇ ਦਖਣ ਦਾ ਇਲਾਕਾ ਉਗਰਾਹੁਣਾ ਸ਼ੁਰੂ ਕਰ ਦਿਤਾ। ਇਹ ਹਿਸਾ ਇਸ ਤਰ੍ਹਾਂ ਮਾਰੋ ਮਾਰ ਕਰਦਾ ਹੋਇਆ ਕਰਨਾਲ ਤਕ ਜਾ ਅੱਪੜਿਆ। ਇਸ ਇਲਾਕੇ ਦੀ ਚੰਗੀ ਸੋਧ ਸੁਧਾਈ ਤੇ ਸਫਾਈ ਕੀਤੀ ਗਈ। ਇਹ ਮਹੀਨਾ ਭਰ (੨੫ ਅਗਸਤ ਤੋਂ ਲੈ ਕੇ ੨੪ ਸਤੰਬਰ ੧੭੬੨ ਤਕ) ਪਾਨੀਪਤ ਤਕ ਜੰਮ ਕੇ ਟਿਕਿਆ ਰਿਹਾ। ਇਹਨਾਂ ਪਹਿਰਾ ਏਡਾ ਸਖਤ ਰਖਿਆ ਕਿ ਦਿਲੀ ਦਰਬਾਰ ਵਲੋਂ ਭੇਜੀਆਂ ਸੁਗਾਤਾਂ ਤੇ ਖਜ਼ਾਨਾ ਇਹਨਾਂ ਏਥੇ ਹੀ ਸਾਂਭ ਲਏ। ਦਿਲੀ ਦਰਬਾਰ ਦੇ ਏਲਚੀਆਂ ਨੂੰ ਵੀ ਸ਼ਾਹ ਤਕ ਅਪੜਨ ਨਾ ਦਿਤਾ। ਏਸ ਜੱਥੇ ਦਾ (ਇਹ ਦਲ ਖਾਲਸੇ ਦਾ ਇਕ ਤਕੜਾ ਹਿੱਸਾ ਸੀ) ਏਨਾ ਡਰ ਛਾਇਆ ਹੋਇਆ ਸੀ ਕਿ ਨਾ ਸਰਹੰਦੋਂ ਕੋਈ ਇਹਨਾਂ ਦੇ ਖ਼ਿਲਾਫ਼ ਕਾਰਵਾਈ ਲਈ ਆਇਆ ਤੇ ਨਾ ਦਿਲੀ ਦਰਬਾਰ ਜਾਂ ਨਜੀਬ ਉੱਦੌਲਾ ਵਲੋਂ ਹੀ ਕਿਸੇ ਨੂੰ ਇਹਨਾਂ ਦੇ ਖਿਲਾਫ਼ ਕੁਝ ਕਰਨ ਦਾ ਹੌਸਲਾ ਪਿਆ।

## ਬਰਾੜ ਸਿਖਾਂ ਦਾ ਬੁਰਾ ਸਲੂਕ—

ਵੱਡੇ ਘਲੂਘਾਰੇ ਤੋਂ ਅਗਲੇ ਦਿਨ ਬਰਨਾਲੇ ਵਾਲੇ ਪਾਸਿਉਂ ਸਿੰਘ ਰੋਹੀ ਇਲਾਕੇ ਨੂੰ ਪਨਾਹ ਲਈ ਵਧਦੇ ਹੋਏ, ਜੈਤੋ, ਅਬੁਲ ਮਹਿਮੇ, ਭਗਤੂ, ਬਲੂ, ਕਵੌਣੀ ਦੌਰਮਤੀ, ਚਰਕ, ਚਬਾਰੇ, ਘੋਰੀਏ, ਫਰੀਦਕੋਟ, ਕਾਂਗੜ ਆਦਿ ਪਿੰਡਾਂ ਵਿਚ ਪਸਰ ਗਏ ਸਨ। ਸ: ਰਤਨ ਸਿੰਘ ਜੀ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਦਸਦੇ ਹਨ ਕਿ ਕੋਈ ਐਸਾ ਸਿੰਘ ਨਹੀਂ ਸੀ, ਜਿਸ ਨੂੰ ਜ਼ਖਮ ਨਾ ਆਏ ਹੋਣ।

† ਡਾ: ਗੰਡਾ ਸਿੰਘ—ਸ: ਜੱਸਾ ਸਿੰਘ ਆਹਲੂ-ਵਾਲੀਆਂ ੧੩੨



www.AKJ.Org

ਬਹੁਤ ਸਾਰਿਆਂ ਦੇ ਘੋੜੇ ਊਠ ਮਾਰੇ ਗਏ ਸਨ। ਟੱਬਰਾਂ ਦੇ ਟੱਬਰ ਮਾਰੇ ਗਏ ਸਨ। ਜਿਹੜੇ ਏਧਰ ਓਧਰ ਹੋ ਕੇ ਨਠੇ ਭਜੇ ਸਨ ਉਹਨਾਂ ਨੂੰ ਕੋਈ ਪਤਾ ਨਹੀਂ ਸੀ ਕਿ ਬਾਕੀ ਜੀਅ ਉਹਨਾਂ ਦੇ ਟੱਬਰਾਂ ਦੇ ਕਿਧਰ ਨੂੰ ਗਏ ਹਨ।

ਜਦ ਵੀ ਸਿੰਘਾਂ ਤੇ ਭੀੜ ਬਣਦੀ ਸੀ ਉਹ ਆਪਣੇ ਟੱਬਰ ਕਬੀਲੇ ਇਹਨਾਂ ਬਰਾੜ ਸਿਖਾਂ ਪਾਸ ਸੁਰੱਖਿਆ ਵਜੋਂ ਛੱਡ ਦਿਆ ਕਰਦੇ ਸਨ ਤੇ ਆਪ ਹੌਲੇ ਭਾਰ ਹੋ ਕੇ ਦੁਸ਼ਮਣ ਨੂੰ ਨਕ ਰਾਹੀਂ ਚੰਗੇ ਚਨੇ ਚਬਾਇਆ ਕਰਦੇ ਹੁੰਦੇ ਸਨ। ਇਸ ਵਾਰ ਸਿੰਘਾਂ ਤੇ ਬੜਾ ਕਹਿਰ ਗੁਜ਼ਰਿਆ ਸੀ ਤੇ ਬੜਾ ਨਾਜ਼ਕ ਸਮਾਂ ਸੀ। ਜੋ ਮਾਰ ਦਿਤੇ ਗਏ ਉਹ ਤਾਂ ਪਾਸੇ ਰਹੇ, ਬਾਕੀ ਜੋ ਬਚੇ ਸਨ ਉਹ ਵੀ ਜ਼ਖ਼ਮਾਂ ਨਾਲ ਚੂਰ ਸਨ। ਇਸ ਵਾਰ ਸਿੰਘ ਇਹਨਾਂ ਬਰਾੜ ਵੀਰਾਂ ਦੀ ਸਹਾਇਤਾ ਤੇ ਹਮਦਰਦੀ ਦੇ ਜ਼ਿਆਦਾ ਲੋੜ-ਵੰਦ ਸਨ, ਪਰ ਹੋਇਆ ਬਿਲਕੁਲ ਉਲਟਾ। ਅਬਦਾਲੀ ਦੇ ਡਰ ਵਜੋਂ ਇਹਨਾਂ ਦੁਖੀਆਂ, ਮਜ਼ਲੂਮਾਂ ਤੇ ਜ਼ਖਮੀਆਂ ਨੂੰ ਪਿੰਡਾਂ ਵਿਚ ਵੜਨ ਤਕ ਨਾ ਦਿਤਾ ਗਿਆ। ਜ਼ਖ਼ਮੀਆਂ ਦੀ ਮਰੁਮ ਪੱਟੀ ਖੁਣੋਂ ਬੁਰੀ ਹਾਲਤ ਹੋ ਰਹੀ ਸੀ। ਏਥੋਂ ਤਕ ਕਿ ਇਕ ਥਾਂ ਸ: ਜਸਾ ਸਿੰਘ ਜ਼ਖ਼ਮਾਂ ਦਾ ਇਲਾਜ ਕਰਾਉਣ ਲਈ ਰੁਕੇ। ਓਥੋਂ ਦਿਆਂ ਵਾਸੀਆਂ ਆਖਿਆ ਕਿ ਸਾਨੂੰ ਕਿਉਂ ਮਰਵਾਉਂਦੇ ਹੋ। ਆਪ ਤਾਂ ਉਜੜੇ ਪੁਜੜੇ ਫਿਰਦੇ ਹੋ, ਸਾਨੂੰ ਕਿਉਂ ਬਲਦੀ ਦੇ ਬੁਥੇ ਧਕਦੇ ਹੋ? ਹੋਰ ਕਿਤੇ ਟਿਕਾਣਾ ਕਰੋ। ਸਰਦਾਰ ਜੀ ਨੇ ਫ਼ੌਰਨ ਹੀ ਉਹ ਥਾਂ ਛੱਡ ਦਿਤੀ।

ਅਨੇਕਾਂ ਪਿੰਡਾਂ ਵਾਲਿਆਂ ਨੇ ਪਨਾਹ ਦੇਣ ਦੀ ਥਾਂ ਇਹਨਾਂ ਤੇ ਹੱਲੇ ਕਰ ਕੇ ਹੋਰ ਨੁਕਸਾਨ ਕੀਤਾ ਤੇ ਰਹਿੰਦਾ ਖੂੰਹਦਾ ਸਮਾਨ ਵੀ ਲੁਟਿਆ। ਸਿੰਘ ਬੜੀ ਪਤਲੀ ਹਾਲਤ ਵਿਚ ਸਨ। ਇਹਨਾਂ ਪਿੰਡਾਂ 'ਚ ਕੁਝ ਪਿੰਡਾਂ ਦਿਆਂ ਬਰਾੜਾਂ ਨੇ ਇਕੱਠਿਆਂ ਹੋ ਕੇ ਸਿਰਾ ਤੇ ਲਾਲ ਫੁਲਕਾਰੀਆਂ ਵਲ੍ਹੇਟ ਕੇ ਸਿੰਘਾਂ ਉਤੇ ਹਲਾ ਬੋਲ ਦਿਤਾ। ਦੂਰੋਂ ਜਦ ਸਿੰਘਾਂ ਨੇ ਬੜੀ ਭਾਰੀ ਗਿਣਤੀ ਵਿਚ ਸਿਰਾਂ ਤੇ ਲਾਲ ਚੀਰੇ ਬੱਧੇ ਵੇਖੇ ਤਾਂ ਸਮਝਿਆ ਕਿ ਦੁਰਾਨੀ ਦੀ ਕਜ਼ਲਬਾਸ਼ ਤੇ ਉਜ਼ਬਕ ਫ਼ੌਜਾਂ ਆ ਰਹੀਆਂ ਹਨ। ਸਿੰਘਾਂ ਨੇ ਬਚਾ ਲਈ ਅਗਲੇ ਕਿਸੇ ਟਿਕਾਣੇ ਦੀ ਆਸ ਤੇ ਨਠਣਾ ਸ਼ੁਰੂ ਕਰ ਦਿਤਾ। ਕੁਦਰਤੀ ਸ: ਚੜ੍ਹਤ ਸਿੰਘ, ਜੋ ਕਾਰੀ ਜ਼ਖਮਾਂ ਕਰਕੇ ਪਿਛੇ ਪਿਛੇ ਆਉਂਦਾ ਸੀ, ਨੇ ਬਰਾੜਾਂ ਨੂੰ ਪਛਾਣ ਲਿਆ ਤੇ ਸਿੰਘਾਂ ਨੂੰ ਵਧ ਕੇ ਲਲਕਾਰਿਆ ਤੇ ਡਕਿਆ ਤੇ ਦਸਿਆ ਕਿ ਇਹ ਤਾਂ ਬਰਾੜ ਹਨ। ਸਿੰਘ ਗੱਚ ਖਾ ਕੇ ਵਰੋਲੇ ਵਾਂਗ ਪਰਤੇ ਤੇ ਬਰਾੜਾਂ ਵੱਲ ਨੂੰ ਤੂਫਾਨ ਵਾਂਗੂੰ ਵਧੇ। ਬਰਾੜ ਪਾਸਾ ਪਲਟਦਾ ਵੇਖ ਕੇ ਤੇ ਮੌਤ ਸਾਹਮਣੇ ਖੜੀ ਤਕ ਕੇ ਓਸੇ ਵੇਲੇ ਪਿਛਾਂਹ ਨਠ ਉਠੇ। ਭਜ ਕੇ ਮਸਾਂ ਜਾਨ ਬਚਾਈ। ਏਸ ਘਟਨਾ ਤੋਂ ਪਿਛੋਂ ਬਰਾੜਾਂ ਨੇ ਸਿੰਘਾਂ ਤੇ ਹੱਲੇ ਕਰਨੇ ਤੇ ਨੁਕਸਾਨ ਕਰਨਾ ਛੱਡ ਦਿਤਾ। ਸ: ਰਤਨ ਸਿੰਘ ਜੀ ਭੰਗੂ ਦਸਦੇ ਹਨ ਕਿ ਬਰਾੜਾਂ ਨੇ ਸਿੰਘਾਂ ਦਾ ਜਾਨੀ, ਮਾਲੀ ਨੁਕਸਾਨ ਕਰਨ ਵਿਚ ਕੋਈ ਕਸਰ ਨਹੀਂ ਛਡੀ ਸੀ। ਇਹ ਸਾਰੇ ਹਾਲਾਤ ਉਹਨਾਂ "ਪ੍ਰਾਚੀਨ ਪੰਥ ਪ੍ਰਕਾਸ਼" ਦੇ ਸਫ਼ਾ ੪੫੯ ਤੋਂ ੪੬੪ ਤਕ ਦਿਤੇ ਹੋਏ ਹਨ। ਬਰਾੜ ਜੱਟ ਅਸਲ ਵਿਚ ਭੱਟੀ ਰਾਜਪੂਤ ਸਨ। ਇਹਨਾਂ ਦੇ ਜਾਂਗਲੀਆਂ ਵਰਗੇ ਕਬੀਲੇ ਸਨ, ਲੜਨਾ ਭਿੜਨਾ, ਪਸ਼ੂ ਚੋਰੀ ਕਰਨੇ ਤੇ ਡਾਕੇ ਮਾਰਨੇ ਇਹਨਾਂ ਦਾ ਪੇਸ਼ਾ ਹੁੰਦਾ ਸੀ।* ਸਿੰਘਾਂ ਨੇ ਬਰਾੜਾਂ ਦੀ ਜੂਹ ਛੱਡ ਦਿਤੀ ਤੇ ਫਰੀਦ ਕੋਟ, ਕੋਟ ਕਪੂਰੇ, ਤੋਂ ਬਠਿੰਡੇ ਵਲ ਨੂੰ ਲਖੀ ਜੰਗਲ ਦੇ ਵਲ ਵਿਚਰਨਾ ਸ਼ੁਰੂ ਕਰ ਦਿਤਾ।

## ਸਿੰਘਾਂ ਦਾ ਹੱਠ ਚਟਾਨ ਨਾਲੋਂ ਵੀ ਸਖ਼ਤ—

੨੦ ਹਜ਼ਾਰ ਦੇ ਕਰੀਬ ਕੌਮ ਆਪਣੀ ਅਣਖ ਤੋਂ ਕੁਰਬਾਨ ਹੋ ਚੁਕੀ ਹੈ। ਬਾਕੀ ਸਾਰੀ ਜ਼ਖਮਾਂ ਨਾਲ ਚੂਰ ਹੈ। ਵੈਰੀ ਤਾਂ ਵੈਰੀ ਹੈ ਹੀ, ਆਪਣੇ ਵੀ ਮੌਤ ਦਾ ਰੂਪ ਧਾਰੀ ਬੈਠੇ ਹਨ। ਇਲਾਕਾ ਰੇਤਲਾ, ਟਿੱਬੇ, ਮਲ੍ਹੇ, ਬੇਰੀਆਂ, ਝਾੜ ਬੂਟ, ਕੋਈ ਖਾਣ

*ਸ: ਰਤਨ ਸਿੰਘ ਭੰਗੂ-ਪ੍ਰਾਚੀਨ ਪੰਥ ਪ੍ਰਕਾਸ਼ ੪੫੭-੪੬੦.



www.AKJ.Org

ਪੀਣ ਦਾ ਪ੍ਰਬੰਧ ਨਹੀਂ। ਪਾਣੀ ਦੀ ਪੂਰੀ ਥੁੜ ਹੈ। ਜ਼ਖਮਾਂ ਦਾ ਕੋਈ ਦਵਾ ਦਰਮਲ ਨਹੀਂ। ਹਰ ਪਲ ਮੌਤ ਨਾਲ ਸਾਕਾ ਹੈ। ਕੀ ਇਸ ਨੇ ਸਿੰਘਾਂ ਨੂੰ ਕੋਈ ਘਬਰਾਹਟ ਦਿਤੀ? ਬਿਲਕੁਲ ਨਹੀਂ। ਸਗੋਂ ਦੂਣ ਸਵਾਇ ਚੜ੍ਹਦੀ ਕਲਾ ਹੈ। ਉਹ ਹਰ ਐਸੇ ਇਮਤਿਹਾਨ ਚੋਂ ਸੁਰਖ਼ਰੂਈ ਨਾਲ ਪਾਸ ਹੋਏ। ਇਕ ਨਵੇਂ ਜੋਸ਼ ਨਾਲ ਉਠੇ। ਮੈਲਕਮ ਆਪਣੀ ਪੁਸਤਕ "ਸਕੈਚ ਆਫ਼ ਦੀ ਸਿਖਸ" ਵਿਚ ਲਿਖਦਾ ਹੈ :–

(The Sikh Nation, who have throughout their early history, always appeared, like a suppressed flame, to rise into higher splendour from every attempt to crush them, had become, while they were oppressed as formidable for their union, as for their determined courage and unconquerable spirit of resistance)*

ਪੰਜਾਬੀ ਅਨੁਵਾਦ–

"ਸਿਖ ਕੌਮ, ਜਿਸ ਦਾ ਮੁਢਲਾ ਇਤਿਹਾਸ ਸਾਰੇ ਦਾ ਸਾਰਾ ਇਸ ਗੱਲ ਦੀ ਗਵਾਹੀ ਹੈ ਕਿ ਜਦ ਵੀ ਇਸ ਨੂੰ ਦਬਾਉਣ ਦੇ ਯਤਨ ਕੀਤੇ ਗਏ, ਇਹ ਉਸ ਸੁਅਲੇ ਵਾਂਗ, ਜਿਸ ਨੂੰ ਦਬਾਈਏ ਤਾਂ ਬੜਾ ਜ਼ਬਰਦਸਤ ਭਾਂਬੜ ਬਣ ਕੇ ਆਸਮਾਨ ਨੂੰ ਉਠ ਖੜਦਾ ਹੈ, ਉਠਦੀ ਰਹੀ ਹੈ। ਜਦ ਵੀ ਕਿਸੇ ਨੇ ਇਹਨਾਂ ਤੇ ਤਸ਼ੱਦਦ ਕੀਤਾ, ਇਹ ਆਪਣੇ ਇਤਫ਼ਾਕ, ਚਟਾਨ ਵਰਗੇ ਠੋਸ ਤੇ ਦ੍ਰਿੜ੍ਹ ਹੌਸਲੇ, ਜ਼ੁਲਮੋ ਜਬਰ ਨਾਲ ਟਕਰਾਉਣ ਵਾਲੀ ਅਜਿਤ ਸਪਿਰਿਟ ਕਾਰਨ ਇਕ ਭਿਆਨਕ ਤੂਫ਼ਾਨ ਬਣ ਬਣ ਉਠਦੇ ਰਹੇ ਹਨ।"

[ਚਲਦਾ

*ਮੈਲਕਮ ਸਕੈਚ ਆਫ਼ ਦੀ ਸਿਖਸ, ੧੦੨, ੩; ਫ਼ਾਰੈਸਟਰ ਜਰਨੀ–ਗ੍ਰੰਥ ਪਹਿਲਾ ੩੨੦; ਸਰਕਾਰ ਜਿਲਦ ii ੪੯੦

——

## ਛਿਨ ਭਰ ਜੇ ਤੁਸੀਂ ਹਿਰਦੇ ਆਵੋ

[ਵਲੋਂ—ਭਾਈ ਬਲਵੰਤ ਸਿੰਘ ਜੀ 'ਨੂਰ' ਲੁਧਿਆਣਾ]

ਛਿਨ ਭਰ ਜੇ ਤੁਸੀਂ ਹਿਰਦੇ ਆਵੋ, ਪ੍ਰਾਣਾਂ ਵਿਚ ਜੋਤੀ ਜਗ ਜਾਏ।
ਜਿਕਰ ਊਸ਼ਾ ਲੋਅ ਫੁਟਣ ਤੇ, ਨਿਘ ਚਾਨਣ ਆਪੂੰ ਘਰ ਆਏ।
ਤੁਸੀਂ ਸਾਗਰ ਚੈਤੰਨਤਾ ਨੂਰੀ, ਮੈਂ ਮਛਲੀ ਤੈਥੋਂ ਜੀਵਨ ਪਾਏ।
ਲਹਿਰ ਅਨੰਦੀ ਮੇਰੀ ਜੀਵਨ-ਸੁਰ ਏ, ਜੀਵਨ-ਲਹਿਰ ਤੇਰੀ ਇਕ ਹੀ ਭਾਏ।
ਲਹਿਰਾਂ ਵਿਚ ਤੇਰੀ ਛੋਹ ਸੁਹੰਦੜੀ, ਛੋਹ ਤੇਰੀ ਸਾਡੇ ਅੰਗ ਕੰਬਾਏ।
ਅਰਸ਼ੋਂ ਕੁਰਸ਼ੋਂ ਤੇਰਾ ਨੂਰ ਉਤਰਦਾ, ਜੋਤਿ-ਲਹਿਰ ਤੇਰੀ ਚਰਨ ਛੁਹਾਏ।
ਵਿਚ ਮਦਹੋਸ਼ੀ ਤੁਸੀਂ ਚੁਪਕੇ ਆਵੋ, ਚੁਪ-ਰਿਦੇ ਤੁਸਾਂ ਨਾਦ ਵਜਾਏ।
ਨਾਦ ਕਵਿਤ ਤੁਸਾਂ ਦੀ ਬਖਸ਼ਸ਼, ਤੁਸੀਂ ਬਖਸ਼ੋ ਮੂੜ੍ਹਾਂ ਹਿਕ ਲਾਏ।
ਤੁਸੀਂ ਚੋਜੀ ਨਿਤ ਚੋਜਾਂ ਕਰਦੇ, ਸੂਝ ਅਨੰਤ ਤੇਰੀ ਨੇੜ ਲਿਆਏ।
ਨੇੜ ਤੇਰੀ ਸਾਡਾ ਜੀਵਨ-ਖੇੜਾ, ਨੇੜ ਵਿਥਾਂ ਦੀ ਤੇੜ ਮਿਟਾਏ।
ਆਪਣੀ ਨੇੜ ਸਦਾ ਤੁਸੀਂ ਦੇਵੋ, ਨੇੜ ਤੁਸਾਂ, ਜੀਵਨ ਵਿਗਸਾਏ।



www.AKJ.Org

# 'ਹੁਕਮਨਾਮਾ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ

[ਵਲੋਂ:—ਗਿ: ਜਗਤਾਰ ਸਿੰਘ ਜੀ, ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19 ਡੀ. ਚੰਡੀਗੜ੍ਹ]

"ਹੁਕਮਨਾਮਹ" ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਸ਼ਾਹੀ ਫ਼ਰਮਾਨ, ਆਗਿਆ-ਪੱਤਰ ਜਾਂ ਉਹ ਖ਼ਤ ਜਿਸ ਵਿੱਚ ਹੁਕਮ ਲਿਖਿਆ ਹੋਵੇ। ਗੁਰੂ ਸਾਹਿਬਾਨ ਦੇ ਸਮੇਂ ਜੋ ਸਤਿਗੁਰਾਂ ਦੇ ਆਗਿਆ-ਪੱਤਰ ਸਿੱਖਾਂ ਵਲ ਭੇਜੇ ਜਾਂਦੇ ਸਨ, ਉਹਨਾਂ ਦੀ "ਹੁਕਮਨਾਮਾ" ਸੰਗਯਾ ਸੀ । ਦਸਮ ਗੁਰਦੇਵ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਮਾਤਾ ਸੁੰਦਰੀ ਜੀ ਵੀ ਸੰਗਤ ਨੂੰ ਹੁਕਮਨਾਮੇ ਜਾਰੀ ਕਰਦੇ ਰਹ ਹਨ । ਗੁਰੂ ਪੰਥ ਦੇ ਪਰਬੰਧ ਵਿਚ ਚਾਰ ਤਖ਼ਤਾਂ ਤੋਂ ਭੀ ਹੁਕਮਨਾਮੇ ਜਾਰੀ ਹੁੰਦੇ ਰਹੇ। ਇਵੇਂ ਹੀ ਹੁਣ ੧੦ ਜੂਨ ੧੯੭੮ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਥਕ ਕਨਵੈਨਸ਼ਨ ਦੀ ਬੇਨਤੀ ਤੇ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਅਨੁਸਾਰ ਇਕ ਹੁਕਮਨਾਮਾ ਤਖ਼ਤ ਸਾਹਿਬ ਤੋਂ ਜਾਰੀ ਕੀਤਾ, ਜਿਸ ਦੁਆਰਾ ਸਮੂਹ ਸਿਖ ਮਾਈ ਭਾਈ ਨੂੰ ਹੁਕਮ ਕੀਤਾ ਗਿਆ ਹੈ ਕਿ ਉਹ ਐਸੇ ਲੋਕਾਂ, ਜੋ ਦੰਭੀ ਪਖੰਡੀ ਤੇ ਅਖੌਤੀ ਨਿਰੰਕਾਰੀ ਸੰਸਥਾ ਦੇ ਅੰਗ ਬਣ ਚੁੱਕੇ ਹਨ, ਉਹਨਾਂ ਅਤੇ ਉਹਨਾਂ ਦੇ ਆਗੂ ਗੁਰਬਚਨ ਸਿੰਘ ਨਾਲ ਹਰ ਤਰ੍ਹਾਂ ਦਾ ਮੇਲ ਜੋਲ, ਸੰਸਾਰਕ ਸਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰਨ ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਹਰੇਕ ਗੁਰੂ ਨਾਨਕ ਨਾਮ-ਲੇਵਾ ਲਈ ਇਲਾਹੀ ਹੁਕਮ ਹੈ। ਇਸ ਤੇ ਕਿਸੇ ਪ੍ਰਕਾਰ ਦਾ ਕਿੰਤੂ ਕਰਨਾ ਸਿਖ ਧਰਮ ਵਿਚ ਦਖ਼ਲ ਦੇਣਾ ਹੈ। ਪਰ ਮਹਾਸ਼ਾ ਵਰਿੰਦਰ ਵਰਗੇ ਲੋਕ, ਜੋ ਗੁਰਮਤਿ ਸਿਧਾਂਤ ਤੋਂ ਬਿਲਕੁਲ ਅਗਿਆਤ ਹਨ, ਅਤੇ ਜਿਨ੍ਹਾਂ ਦੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਲਈ ਕੋਈ ਸਤਿਕਾਰ ਨਹੀਂ, ਬਜ਼ਿਦ ਹਨ ਕਿ "ਹੁਕਮਨਾਮੇ" ਵਿਚ ਸਿੱਖੀ ਵਿਰੁੱਧ ਸਿਖਿਆ ਮਿਲਦੀ ਹੈ ਅਤੇ ਜੋ ਸਲੂਕ ਨਿਰੰਕਾਰੀਆਂ ਨਾਲ ਕੀਤਾ ਜਾ ਰਿਹਾ ਹੈ ਉਹ ਗੁਰ-ਆਸ਼ੇ ਅਨੁਸਾਰ ਨਹੀਂ। ਬਹੁਤੀ ਪੀੜਾ ਇਸ ਗੱਲ ਦੀ ਹੈ ਕਿ ਉਹਨਾਂ ਨਾਲ ਵਰਤੋਂ ਵਿਹਾਰ ਕਿਉਂ ਬੰਦ ਕੀਤਾ ਗਿਆ ਹੈ । ਸੋ ਐਸੇ ਸ਼ਰਾਰਤੀ ਲੋਕਾਂ ਦੀ ਗਿਆਤ ਲਈ ਇਸ ਲੇਖ ਦੁਆਰਾ ਸਿਧ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ ਕਿ ਪਾਵਨ ਹੁਕਮਨਾਮੇ ਦਾ ਅੱਖਰ ਅੱਖਰ ਗੁਰਬਾਣੀ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਮੁਤਾਬਿਕ ਹੈ।

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ— ਕੱਚਿਆਂ ਨਾਲ ਨਾ ਵਰਤੋ। ਜਿਵੇਂ—

ਨਾਨਕ ਕਚੜਿਆ ਸਿਉ ਤੋੜਿ
ਢੂੰਢਿ ਸਜਣ ਸੰਤ ਪਕਿਆ ॥
ਓਇ (ਕੱਚੇ ਸੁਆਰਥੀ ਤੇ ਲੋਭੀ ਕੁਮਿੱਤਰ)
ਜੀਵੰਦੇ ਵਿਛੁੜਹਿ,
ਓਇ (ਨਿਰਲੋਭ, ਨੇਕ, ਸੰਤ ਸਜਨ)
ਮੁਇਆ ਨ ਜਾਹੀ ਛੋੜਿ ॥੧॥

ਵਾਰ ਮਾਰੂ, ਸਲੋਕ ਡਖਣੇ ਮ: ੫, ਪੰਨਾ ੧੧੦੨

ਪ੍ਰਸ਼ਨ ਉਪਜਦਾ ਹੈ, ਕੱਚੇ ਕੌਣ ਹਨ ? ਤਾਂ ਉਤਰ ਮਿਲਦਾ ਹੈ—

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥

ਆਸਾ ਫ਼ਰੀਦ ਜੀ, ਪੰਨਾ ੪੮੮

ਇਹ ਨਕਲੀ ਨਿਰੰਕਾਰੀ ਜੋ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚੋਂ ਦੁਰਕਾਰੇ ਗਏ ਸਨ, ਜੋ ਅੰਦਰੋਂ ਵਿਕਾਰੀ ਤੇ ਬਾਹਰੋਂ ਨਿਰੰਕਾਰੀ ਅਖਵਾਉਂਦੇ, ਅਤੇ 'ਮਾਨਵ ਏਕਤਾ' ਦੇ ਢੋਂਗ ਹੇਠ ਮਾਨ-ਵਤਾ ਤੇ ਸਭਿਅਤਾ ਦੇ ਕਾਤਲ ਹਨ, ਆਪਣੇ



www.AKJ.Org

ਅਯਾਸ਼ੀ ਭਰੇ ਸੁਆਰਥ ਲਈ ਲੋਕਾਂ ਨੂੰ ਗੁਮਰਾਹ ਕਰਦੇ ਹੋਏ ਭ੍ਰਿਸ਼ਟਾਚਾਰ ਫੈਲਾ ਰਹੇ ਹਨ, ਇਹਨਾਂ ਨਾਲੋਂ ਹੋਰ ਕੱਚੇ ਕੌਣ ਹੋ ਸਕਦੇ ਹਨ ? ਸੋ ਐਸੇ "ਕਚਰਿਆਂ" ਨਾਲੋਂ ਤੋੜਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ ।

## (੨) ਹੁਕਮ ਹੈ :—ਸਾਕਤ ਪੁਰਸ਼ਾਂ ਨਾਲ ਨਾ ਵਰਤੋ—

ਫੁਰਮਾਨ ਹੈ—

ਉਲਟੀ ਰੇ ਮਨ ਉਲਟੀ ਰੇ ॥
ਸਾਕਤ ਸਿਉ ਕਰਿ ਉਲਟੀ ਰੇ...੧॥

[ਦੇਵ ਗੰਧਾਰੀ ਮ: ੫, ਪੰਨਾ ੫੩੫

ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ ॥੧੩੧॥

[ਸਲੋਕ ਕਬੀਰ ਜੀ, ਪੰਨਾ ੧੩੭੧

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ...੫॥

[ਸਲੋਕ ਮ: ੫, ਪੰਨਾ ੬੪੧

ਸਾਕਤ ਕੌਣ ? ਉਤਰ ਹੈ :—

ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੋ ਬਿਖੈ ਸਮਾਨੈ...੨॥

ਜੋ ਹਲਾਹਲ (ਵਿਸ਼, ਸ਼ਰਾਬ ਆਦਿ) ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥ ਸਾਧ ਸੰਗ ਕੈ ਨਾਹੀ ਨੇਰਿ ॥ (ਸਜ਼ਾ) ਲਖ ਚਉਰਾਸੀਹ ਭ੍ਰਮਤਾ ਫੇਰਿ ॥੩॥

[ਗਉੜੀ ਗੁਆ: ਮ: ੫, ਪੰਨਾ ੧੮੦

ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥ (ਗੁਰਮੁਖਾਂ ਤੋਂ ਉਲਟ)

[ਗਉੜੀ ਮ: ੫, ਪੰਨਾ ੧੯੫

ਅੰਮ੍ਰਿਤੁ ਕਉਰਾ ਬਿਖਿਆ (ਮਾਸ, ਮਦ, ਮੈਥਨ ਆਦਿ) ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ...੨॥

[ਰਾਮਕਲੀ ਮ: ੫, ਪੰਨਾ ੮੯੨

ਸਾਡੇ ਦੇਸ਼ ਵਿਚ ਪੁਰਾਤਨ ਸਮੇਂ ਸ਼ਾਕਤ ਮੱਤ ਵਾਲੇ ਅਰਥਾਤ ਵਾਮ ਮਾਰਗੀ ਸ਼ਰਾਬ ਪੀਣ ਤੇ ਵਿਭਚਾਰ ਨੂੰ ਪ੍ਰਚਾਰਦੇ ਸਨ । ਵਾਮ ਮਾਰਗੀ ਕਹਿੰਦੇ ਸਨ :—

"ਪੀਤਵਾ ਪੀਤਵਾ ਪੁਨਾ ਪੀਤਵਾ,
ਯਾਵਤ ਪਤਤਿ ਨ ਭੂਤਲੇ ।"

ਭਾਵ ਸ਼ਰਾਬ ਪੀਓ, ਸ਼ਰਾਬ ਪੀਓ, ਉਦੋਂ ਤਕ ਪੀਂਦੇ ਜਾਓ ਜਦ ਤਕ ਧਰਤੀ ਉਤੇ ਡਿਗ ਨਾ ਪਵੋ । ਸੋ ਇਹਨਾਂ ਦੀ ਤਰ੍ਹਾਂ ਨਕਲੀ ਨਿਰੰਕਾਰੀ ਵੀ ਸ਼ਰਾਬ-ਨੋਸ਼ੀ, ਮਾਸ ਤੇ ਜੂਠਾ ਖਾਣ ਤੇ ਖੁਆਣ ਪਰ ਨਿਸਚਾ ਰਖਦੇ ਹਨ । ਭ੍ਰਿਸ਼ਟਾਚਾਰ ਦਾ ਪ੍ਰਚਾਰ ਕਰਨ ਲਈ ਇਨ੍ਹਾਂ ਦਾ ਰਸਾਲਾ 'ਸੰਤ ਨਿਰੰਕਾਰੀ' ਮਹੀਨਾ ਜੂਨ ੧੯੬੪ ਦੇ ਸਫਾ ੧੬ ਉਤੇ ਲਿਖਿਆ ਹੈ —

"ਜੋ ਜੀ ਚਾਹੇ ਸੋ ਖਾਂਦੇ ਨੇ, ਜੋ ਜੀ ਚਾਹੇ ਸੋ ਪੀਂਦੇ ਨੇ । ਕੋਈ ਜੂਠਾ ਨਹੀਂ ਕੋਈ ਸੁਚਾ ਨਹੀਂ, ਇਹ ਇਕੋ ਪਿਆਲੇ ਪੀਂਦੇ ਨੇ ।"

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ "ਗੁਰਮਤਿ ਮਾਰਤੰਡ" ਵਿਚ ਲਿਖਦੇ ਹਨ ਕਿ "ਜੋ ਧਰਮ ਅਤੇ ਇਖ਼ਲਾਕ ਤੋਂ ਪਤਿਤ, ਅਰੁ ਕਰਤਾਰ ਤੋਂ ਵਿਮੁਖ ਹੋ ਕੇ ਵਿਕਾਰਾਂ ਵਿਚ ਪ੍ਰਵਿਰਤਦਾ ਹੈ, ਉਸ ਦਾ ਨਾਉਂ ਸਾਕਤ ਹੈ । ਸੰਸਕ੍ਰਿਤ ਵਿਚ ਸ਼ਕਤੀ ਦੇ ਉਪਾਸ਼ਕਾਂ ਨੂੰ ਸਾਕਤ ਸਦੀਦਾ ਹੈ । ਸਰੀਰ ਦੀ ਪੂਜਾ ਕਰਨੀ ਵੀ ਸਾਕਤਪੁਣਾ ਹੈ ।"

ਸੋ ਇਹ ਨਕਲੀ ਨਿਰੰਕਾਰੀ ਅਤੇ ਇਹਨਾਂ ਦੇ ਹਮਾਇਤੀ ਦਸਣ ਕਿ ਇਹ ਧਰਮ ਤੇ ਇਖ਼ਲਾਕ ਤੋਂ ਪਤਿਤ ਨਹੀਂ ? ਕੀ ਇਹਨਾਂ ਦਾ ਆਗੂ, ਕਰ-ਤਾਰ ਤੋਂ ਵਿਮੁਖ ਹੋ ਆਪਣੇ ਆਪ ਨੂੰ ਸਾਰੇ ਜਗ ਦਾ ਪਾਲਣਹਾਰ ਨਹੀਂ ਸਦਾਉਂਦਾ ? ਕੀ ਇਹ ਅੰਮ੍ਰਿਤ ਨੂੰ ਨਿੰਦਦੇ ਅਤੇ ਸ਼ਰਾਬ ਨੂੰ ਸਲਾ-ਹੁੰਦੇ ਹੋਏ ਵਿਕਾਰਾਂ ਵਿਚ ਗਲਤਾਨ ਨਹੀਂ ? ਐਸੇ ਪੁਰਸ਼ਾਂ ਦੇ ਨਾਲ ਵਰਤਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸਖ਼ਤ ਮਨ੍ਹਾ ਹੈ । ਭਗਤ ਕਬੀਰ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ ਐਸੇ ਨੀਚ ਤੇ ਸਾਕਤ ਪੁਰਸ਼ਾਂ ਨਾਲੋਂ ਤਾਂ (ਗੰਦਗੀ ਖਾਣੇ) ਸੂਰ ਅੱਛੇ



www.AKJ.Org

ਨੇ, ਜੋ ਨਗਰ ਦੀਆਂ ਗਲੀਆਂ ਤਾਂ ਸਾਫ ਰਖਦੇ ਹਨ। ਐਸੇ ਲੋਕਾਂ ਦਾ ਮਰਨਾ ਹੀ ਅੱਛਾ ਹੈ।

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥ ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥੧੪੩॥

[ਸਲੋਕ ਕਬੀਰ ਜੀ, ਪੰਨਾ ੧੩੭੨

(੩) ਹੁਕਮ ਹੈ–ਮਨਮੁਖ ਗੁਰ ਨਿੰਦਕਾਂ ਨਾਲ ਨਾ ਵਰਤੋ। ਜਿਵੇਂ ਗੁਰ ਹੁਕਮ ਹੈ —

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥......ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥(੩੧)

ਸਲੋਕ ਮ: ੪, ਵਾਰ ਗਉੜੀ, ਪੰਨਾ ੩੧੬

ਗੁਰੂ ਸਾਹਿਬ ਕਹਿੰਦੇ ਨੇ, ਹੋਰ ਸਭ ਰੋਗਾਂ ਦਾ ਇਲਾਜ ਹੈ, ਪਰ 'ਨਿੰਦਕ' ਦਾ ਦਾਰੂ ਕੋਈ ਨਹੀਂ।

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥੨॥(੨੯)

[ਮ: ੫, ਵਾਰ ਗਉੜੀ, ਪੰਨਾ ੩੧੫

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥

ਸੂਹੀ ਮ: ੩, ਪੰਨਾ ੭੫੫

ਪਰ ਇਹ ਨਕਲੀ ਨਿਰੰਕਾਰੀ ਤਾਂ ਹਰੇਕ ਮਹਾਂ ਪੁਰਸ਼ ਨੂੰ ਨਿੰਦੀ ਜਾ ਰਿਹਾ ਹੈ।

ਗੁਰੂ ਸਾਹਿਬ ਕਹਿੰਦੇ ਨੇ, ਨਿੰਦਕ ਦਾ ਕਾਲ ਨੇੜੇ ਆਇਆ ਹੈ, ਹੋਰ ਕੋਈ ਗੱਲ ਨਹੀਂ। ਫੁਰਮਾਨ ਹੈ :—

ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ, ਹਰਿ ਜਨ ਸਿਉ ਬਾਦੁ ਉਠਰੀਐ ॥੨॥੯॥੯੫॥

[ਬਿਲਾਵਲੁ ਮ: ੫, ਪੰਨਾ ੮੨੩

ਸੋ ਐਸੇ ਗੁਰੂ-ਨਿੰਦਕ ਗੁਰਬਚਨ ਸਿੰਘ ਤੇ ਉਸ ਦੇ ਭੁਲੜ ਚੇਲਿਆਂ ਨਾਲ ਵਰਤਣਾ ਸਿਖੀ ਵਿਚ ਵਿਵਰਜਤ ਹੈ, ਜਿਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ "ਸ਼ਿਕਾਰੀ" ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ "ਕਾਗਜ਼ਾਂ ਦਾ ਥੱਬਾ" ਕਹਿ ਕੇ ਆਪਣੀ ਨੀਚਤਾ ਪ੍ਰਗਟਾਈ ਹੈ ਤੇ ਅੰਮ੍ਰਿਤ ਸਰੋਵਰ ਦੀ ਸੇਵਾ ਨੂੰ "ਬੇਕਾਰ ਸੇਵਾ" ਆਖਿਆ। ਗੁਰ ਪ੍ਰਮਾਣ ਹਨ—

ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ॥੪॥

[ਭਾਈ ਗੁਰਦਾਸ ਜੀ, ਵਾਰ ੩੫

ਗੁਰ ਕੀ ਨਿੰਦਾ ਸੁਨੇ ਨਾ ਕਾਨ ॥

[ਤਨਖਾਹਨਾਮਾ ਭਾਈ ਨੰਦ ਲਾਲ ਜੀ

ਕਹਿੰਦੇ ਹਨ ਕਿ ਸਿਖ ਗੁਰਬਚਨ ਸਿੰਹੁ ਨੂੰ ਫਿਟਕਾਰਾਂ ਪਾਉਂਦੇ ਹਨ ਜੋ ਯੋਗ ਨਹੀਂ, ਪਰ ਜਗਤ ਵਲੋਂ ਫਿਟਕਾਰਾਂ ਪੈਣੀਆਂ ਕੁਦਰਤੀ ਹਨ, ਕਿਉਂਕਿ ਉਹ ਗੁਰ-ਨਿੰਦਕ ਹੈ। ਰੱਬੀ ਫੁਰਮਾਨ ਹੈ :—

ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥

ਵਾਰ ਗਉੜੀ, ਸਲੋਕ ਮ: ੪, ਪੰਨਾ ੩੦੨

(੪) ਹੁਕਮ ਹੈ : ਪ੍ਰਭੂ ਭਗਤੀ ਤੋਂ ਵਾਂਞੇ ਤੇ ਅਹੰਕਾਰੀ ਪੁਰਸ਼ਾਂ ਨਾਲ ਨਾ ਵਰਤੋ—

ਸਿੰਘਾਂ ਦੇ ਘਾਤਕ ਦੰਭੀ ਗੁਰਬਚਨ ਸਿੰਹੁ ਦਾ ਐਲਾਨ ਹੈ, ਮੈਂ ਸਾਧਨਾ ਨਹੀਂ ਕਰਦਾ, ਮੇਰੇ ਕੋਲ ਸਮਾਂ ਨਹੀਂ। ਮੈਂ ਹਜ਼ਰਤ ਨੂਹ ਹਾਂ, ਮੈਂ ਹੀ ਈਸਾ ਹਾਂ, ਮੈਂ ਹੀ ਮੁਹੰਮਦ ਹਾਂ। ਮੈਂ ਹੀ ਨਾਨਕ ਕਬੀਰ ਤੇ ਦਿਆਲ ਹਾਂ। ਦੇਖੋ, ਕਿਤਨੀ ਹਉਮੈ ਅਹੰਕਾਰ ਦੀ ਬੂ ਹੈ। ਜਿਥੇ ਹਉਮੈ ਅਹੰਕਾਰ ਤੇ ਵਿਕਾਰ ਹਨ ਉਥੇ ਨਿਰੰਕਾਰ ਨਹੀਂ ਹੋ ਸਕਦਾ। ਅਹੰਕਾਰ ਤੇ ਨਿਰੰਕਾਰ ਇਕ ਦੂਜੇ ਦੇ ਵਿਰੋਧੀ ਸ਼ਬਦ ਹਨ। ਸਾਹਿਬ ਫੁਰਮਾਉਂਦੇ ਹਨ—

ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ ॥

[ਵਡਹੰਸੁ ਮ: ੩, ਪੰਨਾ ੫੬੦



www.AKJ.Org

ਫਿਰ ਕਹਿੰਦਾ ਹੈ, ਮੈਂ ਆਪਣੇ ਚੇਲਿਆਂ ਕੋਲੋਂ ਕੋਈ ਤਪ ਨਹੀਂ ਕਰਾਉਂਦਾ । ਮੇਰੇ ਚੇਲਿਆਂ ਨੂੰ ਸਿਮਰਨ ਭਗਤੀ ਦੀ ਕੋਈ ਲੋੜ ਨਹੀਂ । ਗੁਰਬਾਣੀ ਵਿਚ ਐਸੇ ਪੁਰਸ਼ਾਂ ਦੀ ਸੰਗਤ ਕਰਨ ਤੋਂ ਸਖ਼ਤ ਤਾੜਨਾ ਕੀਤੀ ਹੈ । ਫੁਰਮਾਨ ਹੈ—

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥
ਬਾਤਨ ਹੀ ਅਸਮਾਨ ਗਿਰਾਵਹਿ ॥੧॥
ਐਸੇ ਲੋਗਨ ਸਿਉ ਕਿਆ ਕਹੀਐ ॥
ਜੋ ਪ੍ਰਭਿ ਕੀਏ ਭਗਤਿ ਤੇ ਬਾਹਜ (ਵਾਂਞੇ)
ਤਿਨ ਤੇ ਸਦਾ ਡਰਾਨੇ ਰਹੀਐ ॥੧॥ਰਹਾਉ॥
[ਗਉੜੀ ਚੇਤੀ ਕਬੀਰ ਜੀ, ਪੰ: ੩੩੨

(ਪ) ਹੁਕਮ ਹੈ—ਚੋਰਾਂ ਨਾਲ ਨਾ ਵਰਤੋ -

ਨਕਲੀ ਨਿਰੰਕਾਰੀ ਗੁਰੂ ਘਰ ਦੇ ਚੋਰ ਹਨ, ਜੋ ਦਾੜ੍ਹੀ ਕੇਸ ਰਖ ਕੇ, ਸਿੰਘ ਅਖਵਾਂਦੇ, ਗੁਰਬਾਣੀ ਦੀ ਕਥਾ ਕਰ ਕੇ ਸਿੱਖਾਂ ਨਾਲ ਧੋਖਾ ਤੇ ਦੂਜੇ ਲੋਕਾਂ ਨਾਲ ਚਾਰ ਸੌ ਵੀਹ ਕਰਦੇ ਹਨ । ਨਿਰੰਕਾਰੀ ਮੰਡਲ "ਸੰਪੂਰਨ ਅਵਤਾਰ ਬਾਣੀ" ਵਿਚ ਤੇ ਹੋਰ ਥਾਵਾਂ ਤੇ ਗੁਰਬਾਣੀ ਦਾ ਅਜਿਹਾ ਮਿਲਗੋਭਾ ਪੇਸ਼ ਕਰਦਾ ਹੈ, ਜਿਸ ਨਾਲ ਗੁਰਮਤਿ ਦੀ ਸ਼ੁੱਧਤਾ ਭੰਗ ਹੁੰਦੀ ਹੈ । ਜਿਵੇਂ—-

ਆਇਆ ਗੁਰਬਚਨ ਸਿੰਘ ਅਵਤਾਰ ।
ਸਾਰੇ ਜਗ ਦਾ ਪਾਲਣਹਾਰ ।
ਸਾਡਾ ਕਰ ਗਿਆ ਬੇੜਾ ਪਾਰ ।
ਜੋ ਤੁਧ ਭਾਵੇ ਸਾਈ ਭਲੀ ਕਾਰ ।
ਤੂੰ ਸਦਾ ਸਲਾਮਤ ਨਿਰੰਕਾਰ ।

ਇਹ ਗੁਰਬਾਣੀ ਨੂੰ ਮਿਲਗੋਭਾ ਬਣਾਉਣਾ ਹੀ ਨਹੀਂ, ਸਗੋਂ ਗੁਰਬਾਣੀ ਦੀ ਅਯੋਗ ਵਰਤੋਂ ਤੇ ਹਮਾਕਤ ਹੈ । ਸਿੱਖੀ ਵਿਚ ਮੀਣੇ ਮਸੰਦਾਂ, ਧੀਰ-ਮਲੀਆਂ, ਰਾਮਰਾਈਆਂ ਆਦਿ ਨਾਲ ਵਰਤਣਾ ਕਿਉਂ ਬੰਦ ਕੀਤਾ, ਕਿਉਂਕਿ ਉਹ ਗੁਰ-ਨਿੰਦਕ ਸਨ । ਇਸ ਤੋਂ ਇਲਾਵਾ ਪ੍ਰਿਥੀਚੰਦ ਦੇ ਪੁਤ ਮਿਹਰਵਾਨ ਨੇ ਨਾਨਕ ਨਾਮ ਹੇਠ ਨਕਲੀ ਨਿਰੰਕਾਰੀ ਦੀ ਤਰ੍ਹਾਂ ਹੀ ਬਾਣੀ ਲਿਖਣੀ ਸ਼ੁਰੂ ਕਰ ਦਿਤੀ ਸੀ ।

ਮਿਹਰਬਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ ।
ਪਾਰਸੀ ਹਿੰਦਵੀ ਸਹਸਕ੍ਰਿਤੀ ਨਾਲੇ ਗੁਰਮੁਖੀ ਪੜੇ ।
ਤਿੰਨ ਭੀ ਬਾਣੀ ਬਹੁਤ ਬਣਾਈ ।
ਭੋਗ ਗੁਰੂ ਨਾਨਕ ਦਾ ਹੀ ਪਾਈ । (੯੦)
'ਬੰਸਾਵਲੀ ਨਾਮਾ' ਕੇਸਰ ਸਿੰਘ

ਸੋ ਗੁਰਬਾਣੀ ਦਾ ਦੁਰ-ਉਪਯੋਗ ਕਰਨ ਵਾਲੇ ਗੁਰਬਾਣੀ-ਚੋਰਾਂ ਨਾਲ ਨ ਵਰਤਣਾ ਗੁਰੂ ਸਤਿਗੁਰੂ ਦਾ ਹੁਕਮ ਹੈ ।

ਚੋਰ ਕੀ ਹਾਮਾ ਭਰੇ ਨ ਕੋਇ ॥
ਚੋਰੁ ਕੀਆ ਚੰਗਾ ਕਿਉ ਹੋਇ ॥੧॥
ਧਨਾਸਰੀ ਮ: ੧, ਪੰਨਾ ੬੬੨
ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ,
ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥
ਗਉੜੀ ਪੂਰਬੀ ਮ: ੪, ਪੰਨਾ ੧੭੦

ਸੋ ਸਿੱਧ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਹੁਕਮਾਂ ਅਨੁਸਾਰ ਗੁਰੂ ਘਰ ਦੇ ਚੋਰਾਂ ਗੁਰ-ਨਿੰਦਕਾਂ ਤੇ ਸਾਕਤ ਪੁਰਸ਼ਾਂ, ਮਨਮੁੱਖਾਂ ਤੇ ਪ੍ਰਭੂ-ਭਗਤੀ ਤੋਂ ਵਾਂਞੇ ਲੋਕਾਂ ਨਾਲ ਵਰਤੋਂ ਵਿਹਾਰ ਤੋੜਨਾ ਗੁਰ-ਹੁਕਮਾਂ ਦੇ ਅਨੁਸਾਰ ਹੈ । ਇਹ ਸਾਰੇ ਅਉਗਣ ਅਖੌਤੀ ਨਿਰੰਕਾਰੀ ਸੰਸਥਾ ਵਿਚ ਪਾਏ ਜਾਂਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਕੇਵਲ ਗੁਰਸਿਖਾਂ ਲਈ ਹੀ ਨਹੀਂ ਸਗੋਂ ਸਮੂਹ ਮਾਨਵਤਾ ਲਈ ਹੈ । ਇਸ ਲਈ ੧੦ ਜੂਨ ੧੯੭੮ ਨੂੰ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਵਿਚ ਵਰਤੇ ਗਏ ਇਹ ਸ਼ਬਦ ਕਿ—"ਸ੍ਰੀ ਅਕਾਲ ਤਖਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿਖ ਮਾਈ ਭਾਈ ਅਤੇ ਹਰ ਇਕ ਪ੍ਰਾਣੀ ਮਾਤ੍ਰ ਲਈ ਹੈ ਕਿ ਇਸ ਧਰਮ-ਸ਼ਤਰੂ ਤੇ ਮਨੁਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਵਧਣ ਫੈਲਣ ਨਾ ਦਿਤਾ ਜਾਵੇ । ਜੋ ਸਿਖ ਇਸ ਦੰਭੀ ਤੇ ਪਾਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁਕੇ ਹਨ,ਉਹਨਾਂ ਦੇ ਆਗੂ ਗੁਰਬਚਨ ਸਿੰਘ ਨਾਲ "ਖਾਲਸਾ ਪੰਥ" ਹਰ ਤਰ੍ਹਾਂ ਦਾ ਮੇਲ ਜੋਲ ਤੇ ਸੰਸਾਰਕ ਸਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ", ਬਿਲਕੁਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਅਨੁਸਾਰ ਹਨ ।


www.AKJ.Org

# ਰੋਮ ਜਲ ਰਿਹਾ ਹੈ, ਨੀਰੂ ਬੰਸਰੀ ਬਜਾ ਰਿਹਾ ਹੈ

[ਵਲੋਂ—ਸ: ਹਰਦਿਤ ਸਿੰਘ ਜੀ ਸੈਕਟਰੀ, ਗੁਰਦਵਾਰਾ ਸਤਿਸੰਗ, ਮੇਰਠ ਛਾਉਣੀ]

ਇਹ ਗੱਲ ਹਰ ਸਿਆਣੇ ਤੇ ਪੰਥ ਦਰਦੀ ਦੇ ਮੂੰਹ ਵਿਚੋਂ ਸੁਣੀ ਜਾ ਰਹੀ ਹੈ ਜੋ ਪੰਥ ਵਿਚ ਸਿਖੀ ਦਾ ਕਤਲੇ ਆਮ ਹੋ ਰਿਹਾ ਹੈ। ਮੀਰ ਮੰਨੂੰ ਦੇ ਸਮੇਂ ਸਿਖਾਂ ਦਾ ਕਤਲੇ ਆਮ ਹੁੰਦਾ ਸੀ, ਸਿਖੀ ਦਿਨ ਦੂਣੀ ਤੇ ਰਾਤ ਚੌਗੁਣੀ ਚਮਕਦੀ ਸੀ। ਆਮ ਕਹਾਵਤ ਸੀ—

ਮੰਨੂੰ ਸਾਡੀ ਦਾਤ੍ਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਸਾਨੂੰ ਵਢਦਾ ਅਸੀਂ ਦੂਣੇ ਚੌਣੇ ਹੋਏ।

ਓਹ ਸਮਾਂ ਇਤਨਾ ਖਤਰਨਾਕ ਨਹੀਂ ਸੀ ਜਿਤਨਾ ਅੱਜ ਦਾ ਸਮਾਂ, ਜਦ ਕਿ ਅਸੀਂ ਆਪਣੇ ਆਪ ਹੀ ਸਿਖੀ ਨੂੰ ਤਿਲਾਂਜਲੀ ਦੇ ਰਹੇ ਹਾਂ।

ਅੰਮ੍ਰਿਤਸਰ ਚਾਰ ਸੌ ਸਾਲਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸਾਰੀ ਦੁਨੀਆਂ ਇਸ ਤੋਂ ਪ੍ਰਭਾਵਤ ਹੋਈ। ਕ੍ਰੋੜਾਂ ਰੁਪਏ ਖਰਚ ਹੋਏ। ਪ੍ਰੰਤੂ ਦੇਖਣਾ ਹੈ ਜੋ ਜਿਤਨੀ ਮੇਹਨਤ, ਸਮਾਂ ਤੇ ਰਕਮ ਖਰਚ ਕੀਤੀ ਗਈ, ਉਸ ਤੋਂ ਠੋਸ ਤੇ ਪਰਤੱਖ ਲਾਭ ਕੀ ਹੋਇਆ ? ਸਿਖੀ ਧਰਮ ਪ੍ਰਚਾਰ ਵਿਚ ਕਿਤਨਾ ਵਾਧਾ ਹੋਇਆ ? ਇਸ ਤੋਂ ਪਹਿਲਾਂ ਪੰਜ ਸੌ ਸਾਲਾ, ਤਿੰਨ ਸੌ ਸਾਲਾ ਅਤੇ ਸਿੰਘ ਸਭਾ ਸ਼ਤਾਬਦੀ ਆਦਿ ਮਨਾਏ ਗਏ। ਇਹ ਤਾਂ ਨਹੀਂ ਕਹਿ ਸਕਦੇ, ਜੋ ਉਨ੍ਹਾਂ ਤੋਂ ਕੁਝ ਭੀ ਲਾਭ ਨਹੀਂ ਹੋਇਆ, ਪ੍ਰੰਤੂ ਇਹ ਜ਼ਰੂਰ ਕਹਾਂਗੇ ਕਿ ਇਹ ਇਕ ਹੜ੍ਹ ਵਾਂਗ ਜਜ਼ਬਾਤੀ ਲਹਿਰਾਂ ਸਨ। ਨਿੱਗਰ, ਠੋਸ, ਲਗਾਤਾਰ, ਪਿੰਡ ਪਿੰਡ ਵਿਚ ਫਿਰ ਕੇ ਪ੍ਰਚਾਰ ਕਰਨਾ, ਜਿਵੇਂ ਰਾਜਾ ਅਸ਼ੋਕ ਨੇ ਬੁਧ ਮੱਤ ਦਾ ਕੀਤਾ ਸੀ। ਸਤਿਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਮੰਜੀਆਂ ਦੇ ਕੇ ਕਾਬਲ, ਕਸ਼ਮੀਰ ਤੇ ਸਾਰੇ ਭਾਰਤ-ਵਰਸ਼ ਵਿਚ ਸਾਰੀ ਸਾਰੀ ਆਯੂ ਕੇਵਲ ਸਿਖੀ ਪ੍ਰਚਾਰ ਹੀ ਕਰਵਾਇਆ। ਉਹ ਚੀਜ਼ ਅਜ ਦੀ ਸਿਖ-ਲੀਡਰਸ਼ਿੱਪ ਵਿਚ ਨਦਾਰਦ ਹੈ। ਤੇ ਫਿਰ ਨਿਰੰਕਾਰੀ ਮਿਸ਼ਨ ਜਾਂ ਰਾਧਾ ਸਵਾਮੀ ਮਿਸ਼ਨ ਕਿਉਂ ਨ ਕਾਮਯਾਬ ਹੋਣ ?

ਅੰਗਰੇਜ਼ਾਂ ਦੇ ਸਮੇਂ ਮਿਲਟਰੀ ਵਿਚ ਕੋਈ ਸਿੱਖ ਰੋਮਾਂ ਦੀ ਬੇ-ਅਦਬੀ ਨਹੀਂ ਸੀ ਕਰ ਸਕਦਾ। ਕਾਨੂੰਨ ਹੁਣ ਭੀ ਮੌਜੂਦ ਹੈ, ਪ੍ਰੰਤੂ ਸਿਖ-ਲੀਡਰਸ਼ਿਪ ਇਤਨੀ ਕਮਜ਼ੋਰ ਹੋ ਚੁਕੀ ਹੈ, ਜੋ ਓਹ ਆਪਣੀ ਹੱਕੀ ਮੰਗ ਭੀ ਹਿੰਦ ਸਰਕਾਰ ਪਾਸੋਂ ਨਹੀਂ ਮੰਨਵਾ ਸਕਦੀ। ਪੰਜਾਬ ਵਿਚ ਸਿਖ ਪੋਲੀਸ ਨਨਿਨਵੇਂ ਫ਼ੀ ਸਦੀ ਪਤਿਤ ਹੈ। ਕੀ ਇਨ੍ਹਾਂ ਨੂੰ ਸਿਧੇ ਰਸਤੇ ਨਹੀਂ ਲਿਆ-ਇਆ ਜਾ ਸਕਦਾ ? ਸੈਕੂਲਰ-ਇਜ਼ਮ ਦਾ ਇਹ ਅਰਥ ਨਹੀਂ; ਜੋ ਅਸੀਂ ਆਪਣੇ ਧਰਮ ਦੇ ਅਸੂਲਾਂ ਨੂੰ ਹੀ ਤਿਆਗ ਦੇਈਏ। ਸਾਡੇ ਵਜ਼ੀਰਾਂ ਨੂੰ ਖੁਲ੍ਹ ਕੇ ਕਹਿਣਾ ਚਾਹੀਦਾ ਹੈ, ਜੋ ਹਿੰਦੂਆਂ ਨੂੰ ਹਿੰਦੂ ਧਰਮ ਵਿਚ ਤੇ ਸਿੱਖਾਂ ਨੂੰ ਸਿਖ ਧਰਮ ਵਿਚ ਪਰਪੱਕ ਰਹਿਣਾ ਚਾਹੀਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਦਿਨ ਤੇ ਚੀਫ ਮਨਿਸਟਰ ਵਲੋਂ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦੇਂਦੇ ਹੋਏ ਸਪੱਸ਼ਟ ਕਹਿਣਾ ਚਾਹੀਦਾ ਹੈ ਜੋ ਗੁਰੂ ਮਹਾਰਾਜ ਦੇ ਛੋਟੇ ਛੋਟੇ ਬੱਚਿਆਂ ਨੇ ਜਾਨਾਂ ਵਾਰ ਦਿਤੀਆਂ ਪ੍ਰੰਤੂ ਸਿਖੀ ਧਰਮ ਦੀ ਪਾਲਨਾ ਕੀਤੀ, ਰੋਮਾਂ ਦੀ ਬੇ-ਅਦਬੀ ਨਹੀਂ ਹੋਣ ਦਿਤੀ। ਜੋ ਸਿਖ ਕਰਮਚਾਰੀ ਰੋਮਾਂ ਦੀ ਬੇ-ਅਦਬੀ ਕਰਾਉਂਦੇ ਹਨ ਓਹ ਸਿਖ ਅਖਾਉਣ ਦੇ ਹੱਕਦਾਰ ਨਹੀਂ ਹਨ। ਮੁਰਾਰ ਜੀ ਡਿਸਾਈ ਸ਼ਰਾਬ ਸਬੰਧੀ ਸ੍ਰਕਾਰੀ ਕਰਮਚਾਰੀਆਂ ਨੂੰ ਮਨ੍ਹਾ ਕਰ ਸਕਦਾ ਹੈ। ਕਾਨੂੰਨਨ ਤਾਂ ਕੀ, ਸਾਡੇ ਵਜ਼ੀਰ ਇਖ਼ਲਾਕਨ ਭੀ ਇਹ ਆਵਾਜ਼ ਨਹੀਂ ਉਠਾ ਸਕਦੇ। ਫਿਰ ਤਾਂ ਇਹੋ ਹੀ ਸਮਝਿਆ ਜਾਵੇ ਜੋ ਕੁਰਸੀ ਦੇ ਲਾਲਚ ਵਿਚ ਆਪਣੇ ਮਨ ਦੀ ਸੱਚੀ ਆਵਾਜ਼ ਭੀ ਬਾਹਰ ਨਹੀਂ ਕਢ ਸਕਦੇ।



www.AKJ.Org

ਪੰਜਾਬ ਦੇ ਪਿੰਡਾਂ ਦੀ ਬੁਰੀ ਹਾਲਤ ਹੈ। ਪਿਛਲੇ ਚਾਲੀ ਸਾਲਾਂ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਨੇ ਇਸ ਪਾਸੇ ਧਿਆਨ ਹੀ ਨਹੀਂ ਦਿਤਾ। ਜਿਸ ਦਾ ਫਲ ਸਰੂਪ ਪਿੰਡਾਂ ਦੇ ਪਿੰਡ ਪਤਿਤ ਹੋ ਚੁਕੇ ਹਨ ਤੇ ਪਤਿਤਾਈ ਇਤਨੀ ਤੇਜ਼ੀ ਨਾਲ ਵਧ ਰਹੀ ਹੈ, ਜੋ ਇਸ ਦਾ ਰੋਕਣਾ ਹੁਣ ਇਕ ਭਾਰੀ ਤੇ ਕਠਨ ਸਮੱਸਿਆ ਬਣ ਗਈ ਹੈ। ਸਾਡੇ ਲੀਡਰ ਹੁਣ ਭੀ ਗਹਿਰੀ ਨੀਂਦ ਸੁੱਤੇ ਹੋਏ ਹਨ। ਇਨ੍ਹਾਂ ਨੂੰ ਇਤਨੀ ਦੂਰ-ਅੰਦੇਸ਼ੀ ਭੀ ਨਹੀਂ ਕਿ ਜੇਕਰ ਹੁਣ ਭੀ ਸਮੇਂ ਨੂੰ ਨਾ ਸੰਭਾਲਿਆ ਗਿਆ ਤਾਂ ਨਿਕਟ ਭਵਿਖ ਜਾਂ ਦੂਰ ਭਵਿਖ ਵਿਚ ਤਾਂ ਜ਼ਰੂਰ ਹੀ, ਗੁਰਦਵਾਰਿਆਂ ਦੇ ਪ੍ਰਬੰਧਕ ਤੇ ਹੋਰ ਲੀਡਰ ਭੀ ਪਤਿਤਾਂ ਵਿਚੋਂ ਹੀ ਬਣਨਗੇ, ਜਿਵੇਂ ਬਿਦੇਸ਼ਾਂ ਵਿਚ ਗੁਰਦਵਾਰਿਆਂ ਦੇ ਪ੍ਰਬੰਧਕ ਤੇ ਸਿਖਾਂ ਦੇ ਆਗੂ ਘੋਨ ਮੋਨ ਹਨ।

ਸਿਖ ਕੌਮ ਪਾਸ ਮਾਇਆ ਦੀ ਘਾਟ ਨਹੀਂ। ਸਿਆਣੇ ਬੰਦਿਆਂ ਦੀ ਵੀ ਘਾਟ ਨਹੀਂ। ਕੋਸ਼ਿਸ਼ ਕੀਤੀ ਜਾਵੇ ਤਾਂ ਤਿਆਗੀ ਬੰਦੇ ਭੀ ਮਿਲ ਜਾਣਗੇ। ਤਨਖ਼ਾਹਦਾਰ ਪ੍ਰਚਾਰਕ ਭੀ ਮਿਲ ਜਾਣਗੇ। ਸੰਤ ਮਹਾਤਮਾ ਨਿਰਮਲੇ, ਸੰਤ ਰਣਧੀਰ ਸਿੰਘ ਦੇ ਜੱਥੇ ਦੇ, ਸੰਤ ਭਿੰਡਰਾਂ ਵਾਲੇ ਦੇ ਜਥੇ ਦੇ ਇਤ ਆਦਿ ਬੇ-ਅੰਤ ਪ੍ਰਚਾਰਕ ਆਰਗੇਨਾਈਜ਼ ਕੀਤੇ ਜਾ ਸਕਦੇ ਹਨ—ਪਰ ਇਤਨੀ ਫ਼ੁਰਸਤ ਕਿਸ ਲੀਡਰ ਪਾਸ ਹੈ! ਓਹ ਤਾਂ ਸਾਰੇ ਰਾਜ-ਸਤਾ ਲਈ ਦੌੜ ਭਜ ਕਰ ਰਹੇ ਹਨ ਤੇ ਤਨਖ਼ਾਹਦਾਰ ਪ੍ਰਚਾਰਕਾਂ ਤੋਂ ਭੀ ਰਾਜ-ਸਤਾ ਪ੍ਰਾਪਤ ਕਰਨ ਲਈ ਦੌੜ ਭਜ ਕਰਵਾਉਂਦੇ ਹਨ। ਨਿਸ਼ਾਨਾ ਵੋਟਾਂ ਲੈਣ ਦਾ ਹੁੰਦਾ ਹੈ, ਜਿਸ ਲਈ ਉਨ੍ਹਾਂ ਨੂੰ ਰਾਧਾ ਸਵਾਮੀਆਂ ਦੀ ਭੀ ਸ਼ਰਨ ਲੈਣੀ ਪੈਂਦੀ ਹੈ, ਨਾਮਧਾਰੀਆਂ ਦੀ ਭੀ ਤੇ ਨਿਰੰਕਾਰੀਆਂ ਦੀ ਭੀ।

ਹੁਣ ਹਾਲਾਤ ਇਤਨੇ ਵਿਗੜ ਚੁਕੇ ਹਨ ਕਿ ਜਿਥੋਂ ਤਕ ਧਰਮ ਪ੍ਰਚਾਰ ਨੂੰ ਐਮਰਜੈਂਸੀ ਤੇ ਵਾਰ-ਫ਼ੁਟਿੰਗ (ਲਾਮ ਬੰਦੀ)ਦੇ ਤੌਰ ਤੇ ਨਹੀਂ ਕੀਤਾ ਜਾਂਦਾ, ਪਤਿਤਾਈ ਵਧਦੀ ਹੀ ਜਾਵੇਗੀ ਤੇ ਸਿਖ ਲੀਡਰਾਂ ਲਈ ਆਏ ਦਿਨ ਨਵੇਂ ਤੋਂ ਨਵੇਂ ਮਸਲੇ ਤੇ ਮੁਸੀਬਤਾਂ ਪੈਦਾ ਹੁੰਦੀਆਂ ਰਹਿਣਗੀਆਂ।

ਸ਼੍ਰੋ: ਗੁ: ਪ੍ਰ: ਕਮੇਟੀ, ਸ਼੍ਰੋ: ਅਕਾਲੀ ਦਲ ਤੇ ਚੀਫ਼ ਖ਼ਾਲਸਾ ਦੀਵਾਨ ਨੇ ਪਿਛਲੇ ਚਾਲੀ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਵਿਚ, ਜਿਥੇ ਸਿਖਾਂ ਦੀ ਸਭ ਤੋਂ ਜ਼ਿਆਦਾ ਵਸੋਂ ਹੈ, ਬਹੁਤ ਘਟ ਪ੍ਰਚਾਰ ਕੀਤਾ ਹੈ। ਇਹ ਤਿੰਨੋਂ ਸਾਡੀਆਂ ਵਡੀਆਂ ਪੰਥਕ ਸੰਸਥਾਵਾਂ ਹਨ, ਤੇ ਹੁਣ ਚੌਥੀ ਦਿਲੀ ਗੁ: ਕਮੇਟੀ ਸੀਸ ਗੰਜ ਹੈ ਜੋ ਮਾਇਕ ਤੌਰ ਤੇ ਜੇ ਚਾਹਵੇ ਤਾਂ ਅਧੇ ਪੰਜਾਬ ਵਿਚ ਸਿਖੀ ਦਾ ਪ੍ਰਚਾਰ ਕਰ ਸਕਦੀ ਹੈ ਜੇ ਪੰਜਾਬ ਵਿਚ ਸਿਖੀ ਕਮਜ਼ੋਰ ਹੋ ਗਈ ਤਾਂ ਦਿਲੀ ਦੀ ਸਿਖੀ ਭੀ ਨਹੀਂ ਰਹਿ ਸਕਦੀ।

ਦਾਸ ਪੰਥ ਪਾਸ ਅਪੀਲ ਕਰਦਾ ਹੈ ਕਿ ਲੈਕਚਰ-ਬਾਜ਼ੀਆਂ, ਇਸਤਿਹਾਰਬਾਜ਼ੀਆਂ, ਸ਼ਹਿਰਾਂ ਵਿਚ ਵਡੇ ਵੱਡੇ ਇਕੱਠ ਕਰ ਕੇ ਜਲੂਸ ਕਢ ਕੇ, ਲੰਗਰ ਚਲਾ ਕੇ ਹੀ ਸਮਝ ਲੈਣਾ ਕਿ ਸਭ ਕੁਝ ਠੀਕ ਹੈ, ਆਪਣੇ ਆਪ ਨੂੰ ਭਾਰੀ ਧੋਖਾ ਦੇਣਾ ਹੈ। ਖ਼ਤਰੇ ਦੀਆਂ ਘੰਟੀਆਂ ਵਜ ਰਹੀਆਂ ਹਨ, ਰੋਮ ਜਲ ਰਿਹਾ ਹੈ, ਨੀਰੂ ਬੰਸਰੀ ਬਜਾ ਰਿਹਾ ਹੈ। ਪਤਿਤਾਈ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਰਹੀ ਹੈ, ਜਿਸ ਦਾ ਅਸਰ ਪੰਜਾਬ ਤੋਂ ਬਾਹਰ ਪ੍ਰਾਂਤਾਂ ਵਿਚ ਭੀ ਪੈਣਾ ਸ਼ੁਰੂ ਹੋ ਗਿਆ ਹੈ। ਕੇਵਲ ਸ਼੍ਰੋ: ਗੁ: ਪ੍ਰ: ਕਮੇਟੀ ਹੀ ਨਹੀਂ, ਹਰ ਗੁਰਦਵਾਰਾ ਕਮੇਟੀ, ਹਰ ਸਿੰਘ ਸਭਾ ਦਾ ਫ਼ਰਜ਼ ਹੈ, ਪਹਿਲਾਂ ਆਪਣੇ ਨਗਰ ਸ਼ਹਿਰ ਦੇ ਨੌਜਵਾਨਾਂ ਦਾ ਸੁਧਾਰ ਕਰੇ ਤੇ ਫਿਰ ਆਸ ਪਾਸ ਦੇ ਇਲਾਕਿਆਂ ਦਾ। ਪੰਜਾਬ ਵਿਚ ਹਰ ਜ਼ਿਲੇ ਵਿਚ, ਜ਼ਿਲਾ ਪ੍ਰਚਾਰ ਕਮੇਟੀਆਂ, ਤਹਿਸੀਲ ਪ੍ਰਚਾਰ ਕਮੇਟੀਆਂ ਤੇ ਪਿੰਡ ਪ੍ਰਚਾਰ ਕਮੇਟੀਆਂ ਬਣਾਈਆਂ ਜਾਣ। ਪੰਜ-ਸਾਲੇ ਪਲੈਨ ਬਣਾਏ ਜਾਣ—ਜਿਸਦਾ ਹਰ ਸਾਲ ਦਾ ਪ੍ਰੋਗਰਾਮ, ਤੇ ਕਿਤਨੀ ਸਫ਼ਲਤਾ ਹੋਈ, ਸੰਬੰਧੀ ਪੰਥ ਵਿਚ ਉਤਸ਼ਾਹ ਤੇ ਜਜ਼ਬਾ ਪੈਦਾ ਕੀਤਾ ਜਾਵੇ।

ਆਲ ਇੰਡੀਆ ਸਿਖ ਧਰਮ ਪ੍ਰਚਾਰ ਕਮੇਟੀ ਨੂੰ ਹੋਂਦ ਵਿਚ ਲਿਆਂਦਾ ਜਾਵੇ। ਇਹ ਇਕ ਟ੍ਰਸਟ ਦੀ ਸ਼ਕਲ ਵਿਚ ਹੋਵੇ, ਜਿਸ ਵਿਚ ਇਕ ਮੈਂਬਰ



www.AKJ.Org

ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ, ਇਕ ਮੈਂਬਰ ਚੀਫ਼ ਖਾਲਸਾ ਦੀਵਾਨ ਦਾ, ਇਕ ਮੈਂਬਰ ਦਿਲੀ ਗੁ: ਕਮੇਟੀ ਦਾ ਤੇ ਇਕ ਮੈਂਬਰ ਬਿਦੇਸ਼ਾਂ ਦਾ ਹੋਵੇ। ਸਤ ਮੈਂਬਰ ਓਹ ਲਏ ਜਾਣ ਜੋ ਰਹਿਣੀ ਬਹਿਣੀ ਤੇ ਉਚੇ ਜੀਵਨ ਵਾਲੇ ਹੋਣ।

ਇਸ ਟ੍ਰਸਟ ਦਾ ਆਪਣਾ ਪ੍ਰਚਾਰ ਮਹਿਕਮਾ, ਸਟਾਫ, ਪ੍ਰਚ ਰਕ ਹੋਣ ਤੇ ਸੰਤਾਂ, ਮਹਾਂਪੁਰਸ਼ਾਂ ਤੇ ਉਚ ਜੀਵਨ ਵਾਲੇ ਗੁਰ-ਸਿਖਾਂ ਨੂੰ ਪ੍ਰੇਰ ਕੇ ਬੜੀ ਉਚੀ ਪੱਧਰ ਤੇ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ ਜਾਵੇ, ਤਾਂ ਹੀ ਸਿਖੀ ਦਾ ਬੂਟਾ ਹਰਿਆ ਰਹਿ ਸਕਦਾ ਹੈ। ਨਹੀਂ ਤਾਂ ਮੌਜੂਦਾ ਹਾਲਾਤ ਵਿਚ ਜਦੋਂ ਸਾਰੇ ਹੀ ਲ ਡਰਾਂ ਦਾ ਨਿਸ਼ਾਨਾ ਕੇਵਲ ਸਿਆਸੀ ਸਤਾ ਹੀ ਪ੍ਰਾਪਤ ਕਰਨਾ ਹੈ—ਪ੍ਰਚਾਰ ਕਦਾਚਿਤ ਨਹੀਂ ਹੋ ਸਕਦਾ ਤੇ ਨਾ ਹੀ ਹੋਣਾ ਹੈ। ਮਾਸਟਰ ਤਾਰਾ ਸਿੰਘ ਜੀ ਦੇ ਸਮੇਂ ਤੋਂ ਹੀ ਇਹੋ ਹਾਲਾਤ ਚਲੇ ਆ ਰਹੇ ਹਨ। ਅਸੀਂ ਰਸਾਤਲ ਵਲ ਜਾ ਰਹੇ ਹਾਂ ਤੇ ਜਾਂਦੇ ਰਵ੍ਹਾਂਗੇ, ਜੇ ਇਹੋ ਸੱਤਾ ਹਾਸਲ ਕਰਨ ਦੀ ਦੌੜ ਲਗੀ ਰਹੀ।

## ਸੰਪਾਦਕੀ--

ਖ਼ਾਲਸਾ ਜੀ, ਮੁਖੀ ਸੰਸਥਾਵਾਂ ਤੇ ਲੀਡਰਾਂ ਵਲ ਨਾ ਦੇਖੋ ਤੇ ਇਹ ਆਸ ਨਾ ਰਖੋ ਕਿ ਸਿਖੀ ਪਰਚਾਰ ਲਈ ਇਹ ਕੁਝ ਕਰਨਗੇ। ਇਸ ਵੇਲੇ ਲੋੜ ਇਸ ਗੱਲ ਦੀ ਹੈ ਕਿ ਹਰ ਇਕ ਗੁਰਸਿਖ ਜਿਥੇ ਕਿਤੇ ਵੀ ਹੈ, ਉਹ ਆਪਣਾ ਪ੍ਰਮੁਖ ਫ਼ਰਜ਼ ਪਛਾਣੇ। ਛੋਟੇ ਛੋਟੇ ਜਥੇ-ਬੰਦਕ ਰੂਪਾਂ ਵਿਚ ਇਕੱਤਰ ਹੋ ਜਾਉ ਅਤੇ ਆਪਣੇ ਚੌਗਿਰਦੇ ਦੇ ਪਿੰਡਾਂ ਵਿਚ ਅਤੇ ਘਰ ਘਰ ਅੰਦਰ ਗੁਰੂ ਨਾਨਕ ਮਿਸ਼ਨ ਦਾ ਸੁਨੇਹਾ ਪਹੁੰਚਾਓ। ਗੁਰ-ਸਿਖ ਦੀ ਰਹਿਤ-ਰਹਿਣੀ ਤੇ ਅਮਲੀ ਜੀਵਨ, ਪ੍ਰੇਮ ਸਹਿਤ ਨਿਤਨੇਮ ਤੇ ਨਿਰੋਲ ਗੁਰਬਾਣੀ ਦਾ ਕੀਰਤਨ ਸਰੋਤਿਆਂ ਉਤੇ ਅਵੱਸ਼ ਅਸਰ ਪਾਉਂਦਾ ਹੈ। ਇਸ ਮਨੋਰਥ ਲਈ ਫ਼ੰਡ ਇਕੱਠੇ ਕਰਨ ਦੀ ਲੋੜ ਨਹੀਂ ਅਤੇ ਨਾ ਹੀ ਗੱਡੀਆਂ ਮੋਟਰਾਂ ਦੀ ਲੋੜ ਹੈ। ਸਗੋਂ ਜਿੰਨੀ ਬਿਖਮ ਤੇ ਕਰੜੀ ਘਾਲਣਾ ਘਾਲ ਕੇ ਹਿਤੋਂ ਚਿਤੋਂ ਇਸ ਸੇਵਾ ਦਾ ਉਦਮ ਕੀਤਾ ਜਾਵੇਗਾ, ਸਤਿਗੁਰੂ ਉਨੀ ਹੀ ਸਫਲਤਾ ਤੇ ਕਲਾ ਵਰਤਾਉਣਗੇ। ਸਿਖ ਦਾ ਫਰਜ਼ ਪੁਰਸ਼ਾਰਥ ਕਰਨਾ ਹੈ, ਕਾਮਯਾਬੀ ਸਤਿਗੁਰੂ ਨੇ ਬਖਸ਼ਣੀ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥(੨੨)
[ਸਲੋਕ ਮ: ੧, ਵਾਰ ਸਾਰੰਗ, ਪੰਨਾ ੧੨੪੫

ਕੀ ਚੰਗਾ ਹੋਵੇ, ਜੇ ਆਪਣਾ ਰਸਦ-ਪਾਣੀ ਵੀ ਨਾਲ ਲੈ ਕੇ ਜਾਇਆ ਜਾਵੇ ਅਤੇ ਆਪਣਾ ਦਸਵੰਧ ਇਸ ਤਰ੍ਹਾਂ ਸਫਲ ਕੀਤਾ ਜਾਵੇ। ਅਜਿਹੇ ਪ੍ਰੋਗਰਾਮਾਂ ਦੀਆਂ ਚੰਦ ਇਕ ਮਿਸਾਲਾਂ ਸਾਡੇ ਸਾਹਮਣੇ ਆਈਆਂ ਹਨ, ਜਿਨ੍ਹਾਂ ਦਾ ਸਿੱਟਾ ਬੜਾ ਪਰਸੰਸਾ ਜਨਕ ਨਿਕਲਿਆ ਹੈ ਅਤੇ ਪੇਂਡੂ ਜਨਤਾ ਦੇ ਮਨਾਂ ਉਤੇ ਬੜਾ ਡੂੰਘਾ ਪ੍ਰਭਾਵ ਪਿਆ ਹੈ। ਭੋਲੀ ਭਾਲੀ ਤੇ ਸਰਲ-ਚਿਤ ਪੇਂਡੂ ਜਨਤਾ ਤਰਸਦੀ ਹੈ ਕਿ ਕੋਈ ਅਜਿਹੇ ਗੁਰੂ ਕੇ ਲਾਲ ਉਨ੍ਹਾਂ ਤਕ ਪੁਜ ਕੇ ਆਪਣੀ ਕਰਣੀ ਕਮਾਈ ਦੀ ਨਜ਼ੀਰ ਪੇਸ਼ ਕਰ ਕੇ ਸਹੀ ਸੇਧ ਬਖਸ਼ਣ। ਤਨਖ਼ਾਹਦਾਰ ਪਰਚਾਰਕ ਜੇ ਪਿੰਡਾਂ ਵਿਚ ਜਾਂਦੇ ਵੀ ਹਨ ਤਾਂ ਉਹ ਕੋਈ ਚੰਗਾ ਅਸਰ ਨਹੀਂ ਪਾਉਂਦੇ। ਉਨ੍ਹਾਂ ਬਾਰੇ ਪਿੰਡਾਂ ਵਿਚ ਸੌ ਸੌ ਗੱਲਾਂ ਹੁੰਦੀਆਂ ਹਨ, ਕੋਈ ਸ਼ਰਾਬੀ, ਕੋਈ ਕਬਾਬੀ, ਕੋਈ ਮਾਇਆ-ਬਟੋਰੂ ਤੇ ਕੋਈ ਵਿਭਚਾਰੀ। ਇਹ ਖ਼ੁਦਗਰਜ਼ ਲੋਗ ਕਾਗਜ਼ੀ ਪਰਚਾਰ ਤਾਂ ਭਾਵੇਂ ਕਰਦੇ ਹਨ, ਪਰ ਅਮਲੀ ਕੋਈ ਨਹੀਂ।

ਸੋ ਲੋੜ ਹੈ ਨਿਸ਼ਕਾਮ ਤੇ ਅਮਲੀ ਜੀਵਨ ਵਾਲੇ ਪਰਚਾਰ ਦੀ। ਬਸ ਇਉਂ ਹੀ ਜੀਵਨ ਵਾਲੀ ਸਿੱਖੀ ਪ੍ਰਫੁਲਤ ਹੋ ਸਕਦੀ ਹੈ।

ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਾ ਨਾਮੁ ਜਪਾਵੈ ॥੨॥(੧੧)
[ਮ: ੪, ਵਾਰ ਗਉੜੀ, ਪੰਨਾ ੩੦੬



www.AKJ.Org

# ਫ਼ਿਲਮੀ ਰਾਗ ਰਸਾਤਲਤਾ ਵਲ

[ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਇਹ ਰਾਗ ਤਾਂ ਮਨ ਦੀ ਚੰਚਲਤਾ ਹੀ ਵਧਾਉਂਦੇ ਹਨ। ਚੰਚਲਤਾ ਕਰਿ ਉਚਾਰੇ ਹੋਏ ਹੱਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਨ੍ਹਾਂ ਰਾਗਾਂ ਦੇ ਗਾਉਣ ਸੁਣਨ ਕਰਿ ਸਗੋਂ ਬਿਰਤੀਆਂ ਗਾਉਣ ਸੁਣਨ-ਹਾਰਿਆਂ ਦੀਆਂ ਹੋਰ ਉਚਾਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਰੀਤੀ ਅਖਾੜਿਆਂ ਵਿਚਿ ਇਹੀ ਕਚ-ਰਾਗ ਦਾ ਧੰਦ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਇਨ੍ਹਾਂ ਰਾਗਾਂ ਨੇ ਪਟ ਕੇ ਵਗਾਹ ਦਿਤੀ ਹੈ, ਕੁਸੰਗ ਦੇ ਨਰਕ ਘੋਰ ਵਿਚਿ ਪਾ ਛਡੀ ਹੈ। ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ। ਪਰ ਬਾਜ਼ ਨਹੀਂ ਆਉਂਦੇ। ਏਹਨਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧੀ ਤੁਰੀ ਜਾਂਦੀ ਹੈ। ਕੋਈ ਠਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਦੇ ਰਾਗਾਂ ਦੇ ਕੁਚਸਕੇ ਨੇ, ਜੋ ਅੱਜ ਕਲ੍ਹ ਦੇ ਸਿਨਮਿਆਂ ਅਤੇ ਥੀਏਟਰਾਂ ਵਿਚ ਗਾਏ ਸੁਣੇ ਜਾਂਦੇ ਹਨ, ਦੁਨੀਆ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖੁਆਰ ਅਤੇ ਪਾਗਲ ਕਰ ਛਡਿਆ ਹੈ। ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਮਿਆਂ ਥੀਏਟ੍ਰੀਕਲ ਰਾਗਾਂ ਨੇ ਗਰੀਬ ਤੋਂ ਗਰੀਬ, ਮਾਇਆ ਕਰ ਕੇ ਕੰਗਾਲ ਤੋਂ ਕੰਗਾਲ ਤਬਕੇ ਦੇ ਬੁੱਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰਾਂ ਦੇ ਪਰਵਾਰ ਉਜਾੜ ਕੇ ਫ਼ਨਾਹ ਕਰ ਦਿਤੇ ਹਨ। ਫ਼ੀ ਜ਼ਮਾਨੇ ਵਿਚ ਜੋ ਆਚਾਰ-ਹੀਣਤਾ ਤੇ ਨਿਰਧਨਤਾ ਅਤੇ ਹੋਰ ਹਰ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆ ਵਿਚ ਵਰਤ ਰਹੀ ਹੈ ਸੋ ਇਸ ਨਵੇਂ ਫ਼ੈਸ਼ਨੀ ਰਾਗ ਦੀ ਪਟਮੇਲੀ ਕਰ ਕੇ ਹੀ ਵਰਤ ਰਹੀ ਹੈ, ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਨਸਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ। ਅਤੇ ਸਦ ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ ਦਾ, ਬੰਦੇ ਬਸ਼ਰ ਮਾਤ੍ਰ ਦਾ ਸੁਆਰਥ ਪਰਮਾਰਥ ਖਾਨ-ਪਾਨ ਧਨ-ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਡੀਆਂ ਰੀਤਾਂ ਨੇ ਇਨਸਾਨੀ ਦਿਲੋ-ਦਿਮਾਗ ਨੂੰ ਗੰਦਾ ਪਰਗੰਦਾ ਕਰ ਦਿਤਾ ਹੋਇਆ ਹੈ। ਇਹਨਾਂ ਰਾਗਾਂ ਨਾਲ ਛਿਨ ਭੰਗਰੀ ਕੁਚਸਕਤਾ ਭਰੀ ਖੀਨ ਖਰਾਬੜੀ ਖੁਮਾਰੀ ਕੁਪਠੜੇ ਦਿਮਾਗਾਂ ਤੇ ਦਿਲਾਂ ਨੂੰ ਚੜ੍ਹ ਜਾਂਦੀ ਹੈ। ਪਰ ਛਿੰਨ ਮਾਤਰ ਵਿਚ ਉਤਰ ਜਾਂਦੀ ਹੈ। ਅਸਲ ਅਹਿਲਾਦ, ਸਦੀਵੀ ਖੁਸ਼ੀ ਵਾਲਾ ਅਹਿਲਾਦ ਇਹਨਾਂ ਕਚਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮ-ਪ੍ਰਾਪਤੀ ਦੇ ਪਰਮਾਰਥੀ ਪਾਸੇ ਵਲੋਂ ਸਗੋ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪਰਮਾਤਮਾ ਕਦੇ ਭਿਜਦਾ ਪਰਸਿਜਦਾ ਹੈ ਇਹਨਾਂ ਰਾਗ ਰਾਗਨੀਆਂ ਦੁਆਰਾ? ਕਦੇ ਨਹੀਂ ਪਤੀਜਦਾ। ਗੁਰਬਾਣੀ ਗਾਉਣ ਦੇ ਪਰਮਾਰਥੀ ਵੇਗ ਵਿਚ ਹੀ ਅਸਾਡੇ ਚੁਟਕੀਲੇ ਫੁਟਕੀਲੇ ਰਾਗੀਆਂ ਨੇ ਸਿਨਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ, ਜੋ ਗਾਵਨ ਸੁਣਨ-ਹਾਰਿਆਂ ਦੀਆਂ ਮਾਨਸਿਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਏ ਰਾਗੀ ਚਟਪਟੀਏ ਰਾਗਾਂ ਦੀਆਂ ਤਰਜ਼ਾਂ ਦੇ ਕੁਠੇ ਹੋਏ ਤੇ ਉਨ੍ਹਾਂ ਦੇ ਸੂਤੇ



www.AKJ.Org

ਨਿਰੀਆਂ ਰਾਗਾ ਦੀਆਂ ਚਟਪਟੀਲੀਆ ਦੇ ਹੀ ਮੁਠੇ ਹੋਏ ਹਨ । ਗੁਰਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ । ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ । ਪਰਮਾ-ਤਮਾ ਨਾਲ ਲਿਵ ਜੁੜਨ ਜੋੜਨ ਦਾ ਸਭ ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ ਤਰੰਗ ਹੀ ਸੀ, ਸੋ ਉਸ ਦਾ ਅਭਾਵ ਹੋ ਰਿਹਾ ਹੈ, ਜੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ । ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨ-ਮਿਆਂ ਥੀਏਟਰਾਂ ਵਿਚ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਇਹ ਸਭ ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚ ਡੁਬੋਣ ਦਾ ਸਉਦਾ ਹੈ । ਪਰਮਾਰਥ ਵਲ ਤਾਂ ਕਿਸੇ ਨੇ ਕੀ ਮੁੜਨਾ ਸੀ, ਰੁੜ੍ਹਨ ਹੀ ਰੁੜ੍ਹਨ ਹੈ ।

['ਗੁਰਮਤਿ ਕਰਮ ਫ਼ਿਲਾਸਫ਼ੀ' ਵਿਚੋਂ]

# ਉਠ ਪੰਥ ਖ਼ਾਲਸਾ ਹੋਸ਼ ਮੇਂ ਆ

[ਪ੍ਰਿੰ: ਹਰਿਭਜਨ ਸਿੰਘ ਜੀ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ]

ਉੱਠ ਪੰਥ ਖ਼ਾਲਸਾ ਹੋਸ਼ ਮੇਂ ਆ, ਔਰ ਨਬਜ਼ ਪਹਿਚਾਨ ਜ਼ਮਾਨੇ ਕੀ ।
ਯਾਂ ਹਰ ਕੋਈ ਅਪਨੇ ਦਾਉ ਪੇ ਹੈ, ਸੱਚ ਬਾਤ ਕਹੂੰ ਮਨ ਭਾਨੇ ਕੀ ।

ਅਬ ਜੋਸ਼ਿ ਪੰਥ ਖ਼ਾਮੋਸ਼ ਨ ਰਹ, ਗ਼ੈਰੋਂ ਨੇ ਤੇਰਾ ਘਰ ਲੂਟ ਲੀਆ,
ਇਨ ਲੰਪਟ ਚੋਰ ਉਚੱਕੋਂ ਕੋ, ਤੁਝੇ ਕਸਮ ਹੈ ਰਾਹ ਪੇ ਲਾਨੇ ਕੀ ।

ਯੇ ਦੰਭੀ, ਲੋਭੀ, ਪਾਖੰਡੀ, ਤੇਰੇ "ਨਾਮ" ਪੇ ਡਾਕਾ ਡਾਲੇ ਹੈਂ,
ਇਨ ਸਭ ਕੋ ਖ਼ੂਬ ਬੇਬਾਕੀ ਸੇ, ਤੁਝੇ ਗ਼ਰਜ਼ ਹੈ, ਸਬਕ ਸਿਖਾਨੇ ਕੀ ।

ਜੋ ਤੇਰਾ ਗੁਰੂ ਚੁਰਾਤੇ ਹੈਂ, ਨਕਲੀ "ਗੁਰਦਾਸ" ਬਨਾਤੇ ਹੈਂ,
ਉਨ ਦੁਰ-ਵਿਵਹਾਰੀ ਦੁਸ਼ਟੋਂ ਕੋ, ਰੱਖ ਹਸਰਤ ਹਾਥ ਦਿਖਾਨੇ ਕੀ ।

ਜਬ ਸ਼ੇਰ ਸੇ ਜੰਗਲ ਖ਼ਾਲੀ ਹੋ, ਯਾ ਸੋਇਆ ਸ਼ਾਹਿ-ਜੰਗਲ ਹੋ,
ਤੋ ਲੰਗੜੇ ਲੂਮੜ, ਗੀਦੜ ਕੋ, ਸੂਝੇ ਹੈਂ ਐਂਠ ਜ਼ਮਾਨੇ ਕੀ ।

ਕਭੀ ਨਾਦਰ ਤੁਝ ਸੇ ਡਰਤਾ ਥਾ, ਅਬਦਾਲੀ ਭੀ ਖ਼ਮ ਖਾਤਾ ਥਾ,
ਤਬ ਤੁਝ ਕੋ ਏਕ ਲਗਨ ਸੀ ਥੀ, ਦੁਖੀਓਂ ਕਾ ਦਰਦ ਮਿਟਾਨੇ ਕੀ ।

ਜਬ ਤੇਰੇ ਦਰ ਪੇ ਆਤਾ ਥਾ, ਕੋਈ ਗ਼ਰਜ਼-ਮੰਦ, ਕੋਈ ਦੁਖੀਆਰਾ,
ਤੋ ਬਿਨ ਪੂਛੇ ਕਿ ਕੌਨ ਵੁਹ ਥਾ, ਤੁਝੇ ਧੁਨ ਥੀ ਉਸੇ ਬਚਾਨੇ ਕੀ ।

ਤੂ ਏਕ ਅਕਾਲ ਪੁਜਾਰੀ ਹੈ, ਔਰ ਸ਼ਾਹੋ ਉਸੀ ਸੇ ਪਾਤਾ ਹੈ,
ਤੇਰੀ ਬੇ-ਨਿਆਜ਼ੀ ਦੇਖੀ ਥੀ, ਨੱਵਾਬੀ ਕੋ ਠੁਕਰਾਨੇ ਕੀ ।

ਜਬ ਮੁਗ਼ਲੋਂ ਨੇ ਤੁਅੱਸਬ ਮੇਂ, ਤੇਰੇ ਸਰ ਕਾ ਮੂਲ ਚੁਕਾਇਆ ਥਾ,
ਹੋ ਅਉਰ ਦੂਖ਼ਸ਼ਾਂ ਉਭਰਾ ਤੂ, ਤੁਝੇ ਚਾਹ ਥੀ ਸਰ ਕਟਵਾਨੇ ਕੀ ।

ਗੈਰਤ ਕਾ ਤੁਝੇ ਤਕਾਜ਼ਾ ਹੈ, ਤੂੰ ਵਾਰਿਸ ਉਸ ਦਸਮੇਸ਼ ਕਾ ਹੈਂ,
ਜਿਸ ਏਕ ਹੀ ਮਨ ਮੇਂ ਠਾਨੀ ਥੀ, ਚਿੜੀਓਂ ਸੇ ਬਾਜ਼ ਤੁੜਾਨੇ ਕੀ ।

"ਗੋਬਿੰਦ ਗੁਰੂ" ਕਾ ਖਾਲਸਾ ਤੂ, ਹੈ ਸ਼ਾਹੀਂ ਕੀ ਪਰਵਾਜ਼ ਤੇਰੀ,
ਹੱਕ-ਪਰਚਮ ਜੋ ਗੁਰ ਨਾਨਕ ਕਾ, ਤੁਝੇ ਗ਼ਰਜ਼ ਹੈ ਵਿਸ਼ਵ ਝੁਲਾਨੇ ਕੀ ।

ਬੱਸ, ਇੱਕ ਯਾਦਹਾਨੀ ਦੇਨੀ ਥੀ, ਕੜਵਾ ਯੇ ਫ਼ਰਜ਼ ਨਿਭਾਨਾ ਥਾ,
ਜਾਨੇ, ਨ ਜਾਨੇ, ਤੂ ਜਾਨੇ, ਅਪਨੀ ਥੀ ਗਰਜ਼ ਸੁਨਾਨੇ ਕੀ ।

## ਪਾਠਕ ਸਜਣੋ

ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਤੁਹਾਡਾ ਚਿੱਟ ਨੰਬਰ ਅਸੀਂ ਹਰੇਕ ਪਰਚਾ ਭੇਜਣ ਸਮੇਂ ਤੁਹਾਡੇ ਐਡਰੈਸ ਤੋਂ ਪਹਿਲਾਂ ਲਿਖਕੇ ਭੇਜਦੇ ਹਾਂ



www.AKJ.Org

# ਸੱਚੇ ਦਾ ਬੋਲ ਬਾਲਾ, ਝੂਠੇ ਦਾ ਮੂੰਹ ਕਾਲਾ

[ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ]

ਨਕਲੀ ਨਿਰੰਕਾਰੀ ਦੇ ਮਾਸਕ ਰਸਾਲੇ 'ਸੰਤ ਨਿਰੰਕਾਰੀ' ਵਿਚ ਛਪਣ ਵਾਲੇ ਲੇਖਾਂ ਦਾ ਮਨੋਰਥ ਕੇਵਲ ਇਕੋ ਹੀ ਹੁੰਦਾ ਹੈ ਅਤੇ ਉਹ ਇਹ ਕਿ "ਬਾਬਾ ਗੁਰਬਚਨ ਸਿੰਘ ਬਾਬਾ ਅਵਤਾਰ ਸਿੰਘ ਦਾ ਉਤਰ ਅਧਿਕਾਰੀ ਹੈ ਅਤੇ ਇਸ ਦੀ ਪੂਜਾ ਕਰਨ ਵਿਚ ਹੀ ਸਾਰੇ ਸੰਸਾਰ ਦੀ ਮੁਕਤੀ ਹੈ"। 'ਯੁਗ ਪੁਰਸ਼' ਜੋ ਨਿਰੰਕਾਰੀਆਂ ਦੀ ਇਕ ਬੜੀ ਮੁਤਬਰਕ ਧਾਰਮਕ ਪੁਸਤਕ ਮੰਨੀ ਜਾਂਦੀ ਹੈ, ਵਿਚ ਪੰਨਾ ੨੩੦ ਉਤੇ ਅਵਤਾਰ ਸਿੰਘ ਨੇ ਭੋਲੇ ਭਾਲੇ ਸ਼ਰਧਾ-ਲੂਆਂ ਵਿਚਕਾਰ ਆਪਣੀ ਮਾਨਤਾ ਵਧਾਉਣ ਲਈ ਇਸ ਸਿਰਲੇਖ ਹੇਠ ਅਪਣੇ ਵਿਚਾਰ ਅੰਕਤ ਕੀਤੇ ਹਨ, "ਮੈਂ ਆਇਆ ਨਹੀਂ ਭੇਜਿਆ ਗਿਆ ਹਾਂ"। ਇਸ ਵਿਚ ਬੜੇ ਨਾਟਕੀ ਢੰਗ ਨਾਲ ਤੇ ਹਮਾਕਤ ਭਰੀ ਦਲੇਰੀ ਨਾਲ ਅਵਤਾਰ ਸਿੰਘ ਨੇ ਦੁਨੀਆਂ ਦੇ ਲੋਕਾਂ ਨੂੰ ਝਾਂਸਾ ਦੇਣ ਦਾ ਇਕ ਕੋਝਾ ਜਿਹਾ ਯਤਨ ਕੀਤਾ ਹੈ ਕਿ ਜਦੋਂ ਧਰਤੀ ਉਤੇ ਪਰਗਟ ਹੋਣ ਵਾਲੇ ਸਾਰੇ ਪੀਰ ਪੈਗੰਬਰਾਂ ਨੇ ਪ੍ਰਮਾਤਮਾ ਦੇ ਕਹਿਣ ਤੇ ਵੀ ਆਉਣ ਤੋਂ ਨਾਂਹ ਕਰ ਦਿਤੀ ਤਾਂ ਅਵਤਾਰ ਸਿੰਘ ਅਜਿਹੇ 'ਯੁਗ ਪੁਰਸ਼' ਤੇ ਨਿਧੜਕ ਅਵਤਾਰ ਬਣਨ ਲਈ ਤਿਆਰ ਹੋ ਗਏ। ਇਹ ਘਟਨਾ ਸੰਨ ੧੯੦੦ ਦੀ ਦਸੀ ਹੈ, ਜਦੋਂ ਅਵਤਾਰ ਸਿੰਘ ਨੇ ਇਕ ਬੜੇ ਹੀ ਗਰੀਬ ਘਰ ਵਿਚ ਜਨਮ ਲਿਆ ਅਤੇ ਲਗਪਗ ੧੯੪੫ ਤੱਕ ਪੈਗੰਬਰੀ ਅਤੇ ਰੱਬ ਦੇ ਮਿਸ਼ਨ ਪ੍ਰਤੀ ਕੋਈ ਫ਼ਰਜ਼ ਨਹੀਂ ਨਿਭਾਏ, ਸਗੋਂ ਪਰਮੇਸ਼ਰ ਤੋਂ ਭੁਲ ਕੇ ਇਕ ਅਜਿਹੇ ਵਿਅਕਤੀ ਬੂਟਾ ਸਿੰਘ ਦੀ ਸੰਗਤ ਕਰਦਾ ਰਿਹਾ, ਜੋ ਗੁਰੂ ਘਰ ਦਾ ਘੋਰ ਨਿੰਦਕ ਸੀ ਅਤੇ ਮਹਾਨ ਪਤਿਤ-ਕਰਮੀ ਸੀ, ਭਾਵ ਬੂਟਾ ਸਿੰਘ ਜੋ ਅਵਤਾਰ ਸਿੰਘ ਦਾ ਗੁਰੂ ਸੀ ਅਤੇ ਜਿਸ ਨੂੰ ਅੰਤ ਸਮੇਂ ਕੀੜੇ ਪੈ ਗਏ ਸਨ ਤੇ ਇਹੋ ਜਿਹੀ ਹੀ ਹਾਲਤ ਅਵਤਾਰ ਸਿੰਘ ਦੀ ਵੀ ਹੋਈ ਸੀ। ਸਾਡੇ ਲਈ ਇਹ ਸਮਝਣਾ ਕਠਨ ਹੈ ਕਿ ਕੀ ਬੂਟਾ ਸਿੰਘ ਵੀ ਭੇਜਿਆ ਗਿਆ ਸੀ ? ਤੇ ਦੂਜੀ ਗੱਲ ਇਹ ਜੇ ਅਵਤਾਰ ਸਿੰਘ ਵੀ ਭੇਜਿਆ ਹੁੰਦਾ ਤਾਂ ਧਰਮ ਪ੍ਰਚਾਰ ਦੀ ਸੇਵਾ ਤੋਂ ਉਸ ਨੂੰ ੪੫ ਸਾਲ ਤਕ ਕਿਉਂ ਵਾਂਞਿਆਂ ਰਖਿਆ ਗਿਆ ? ਅਤੇ ਉਸਦਾ ਗੁਰੂ ਇਕ ਸ਼ਰਾਬੀ ਕਬਾਬੀ ਨੂੰ ਹੀ ਕਿਉਂ ਬਣਾਇਆ ਗਿਆ ?

ਇਸ ਤੋਂ ਸਪੱਸ਼ਟ ਹੈ ਕਿ ਉਹ ਰੱਬ ਵਲੋਂ ਪੈਗੰਬਰ ਬਣਾ ਕੇ ਨਹੀਂ ਭੇਜਿਆ ਗਿਆ, ਸਗੋਂ ਇਸ ਤੋਂ ਉਲਟ—

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥

(ਪੰਨਾ ੧੩੭੮)

ਉਸ ਨੂੰ ਪੰਜੇ ਦੁਸ਼ਟਾਂ ਨੇ ਅਧਰਮ ਦੇ ਮਾਰਗ ਤੇ ਚਲਣ ਲਈ ਪ੍ਰੇਰਨਾ ਦਿਤੀ ਅਤੇ ਆਪਣੇ ਆਪ ਨੂੰ ਗੁਰੂਆਂ ਦੇ ਤੁਲ ਜਾਂ ਉਨ੍ਹਾਂ ਤੋਂ ਵੀ ਉਚ ਪਦਵੀ ਦਾ ਗੁਰ-ਅਵਤਾਰ ਅਖਵਾਉਣ ਦਾ ਅਹੰਕਾਰ ਉਸ ਦੇ ਦਿਮਾਗ ਵਿਚ ਭਰਿਆ। ਇਸ ਕੋਝੇ ਖਿਆਲ ਨੂੰ ਅਗੋਂ ਪ੍ਰਚਲਤ ਕਰਨ ਲਈ ਉਸ ਨੇ ਆਪਣੇ ਜੋ ਵਿਚਾਰ ੨੭ ਅਪ੍ਰੈਲ ੧੯੬੯ ਦੇ ਨਿਰੰਕਾਰੀ ਸਤਸੰਗ ਭਵਨ ਨਵੀਂ ਦਿਲੀ ਵਿਚ ਭਾਰੀ ਇਕੱਠ ਵਿਚ ਰਖੇ ਸਨ, ਉਹ ਅਪ੍ਰੈਲ ੧੯੭੪ ਦੇ ਪਰਚੇ ਵਿਚ ਇਸ ਪਰਕਾਰ ਲਿਖੇ ਹਨ—

ਗਉੜੀ ਮਾਝ ਮਹਲਾ ੫

ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ
ਹਰਿ ਗੁਣ ਗਾਉ ॥

ਦੇ ਸ਼ਬਦ ਨਾਲ ਵਿਚਾਰ ਨੂੰ ਅਰੰਭ ਕੀਤਾ ਗਿਆ ਹੈ ਅਤੇ ਇਸ ਸ਼ਬਦ ਵਿਚਲੀ ਇਕ ਪੰਗਤੀ—

"ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ



www.AKJ.Org

ਸੰਸਾਰੁ'' ਦੀ ਟੇਕ ਲੈ ਕੇ ਅਵਤਾਰ ਸਿੰਘ ਆਪਣੀਆਂ ਨਰਕਧਾਰੀ ਸੰਗਤਾਂ ਨੂੰ ਇਸ ਤਰ੍ਹਾਂ ਪ੍ਰੇਰਨਾ ਕਰਦਾ ਹੈ, ਕਿ ਜਿਸ ਨਾਲ ਉਹ ਉਨ੍ਹਾਂ ਨੂੰ ਅਵਤਾਰ ਸਿੰਘ ਦੇ ਹੁੰਦਿਆਂ ਆਪਣੇ ਨੌਜਵਾਨ ਬੇਟੇ ਗੁਰਬਚਨ ਸਿੰਘ ਦੇ ਚਰਨੀ ਲਾਉਣਾ ਚਾਹੁੰਦਾ ਹੈ। ਟੂਕ ਮਾਤਰ 'ਸੰਤ ਨਿਰੰਕਾਰੀ' ਅਪ੍ਰੈਲ ੧੯੭੪ ਦੇ ਪੰਨਾ ੪ ਤੋਂ ੭ ਵਿਚੋਂ ਕੁਝ ਸਤਰਾਂ ਪੇਸ਼ ਕੀਤੀਆਂ ਜਾਂਦੀਆਂ ਹਨ—

''ਸਾਧ ਸੰਗਤ, ਅੰਚਲ ਪਲੇ ਨੂੰ ਕਹਿੰਦੇ ਹਨ... ਕਿਸੇ ਦਾ ਹਥ ਫੜ ਲੈਂਦੇ ਹਾਂ, ਕਿਸੇ ਦਾ ਪਲਾ ਫੜ ਲੈਂਦੇ ਹਾਂ, ਇਸੇ ਤਰ੍ਹਾਂ ਕਿਸੇ ਦਾ ਪਲਾ ਫੜ ਲਵੋ ਤਾਂ ਸੰਸਾਰ ਤੋਂ ਪਾਰ ਹੋ ਜਾਵੋਗੇ। ਜੋ ਪੂਰਾ ਸਾਧੂ ਹੋਵੇ... ਪੂਰਾ ਗੁਰੂ ਹੋਵੇ, ਬਾਲ-ਬੱਚੇਦਾਰ ਹੋਵੇ, ਉਸ ਦਾ ਪੱਲਾ ਫੜੋ, ਤਾਂ ਉਹ ਤੁਹਾਨੂੰ ਬਚਾ ਲਵੇਗਾ। ਗੁਰੂ ਅੰਤਰਜਾਮੀ ਹੁੰਦਾ ਹੈ, ਘਰ ਬੈਠ ਕੇ ਹੀ ਅਰਦਾਸ ਕਰੋ ਮੇਰਾ ਕੰਮ ਹੋ ਜਾਵੇ, ਬਾਬਾ ਗੁਰਬਚਨ ਸਿੰਘ ਦਾ ਧਿਆਨ ਕਰੋ ਤੇ ਬੇਨਤੀ ਕਰੋ। ਤੇ ਜੇ ਕੰਮ ਠੀਕ ਹੈ ਤਾਂ ਜ਼ਰੂਰ ਹੋਵੇਗਾ। ਜੇ ਹੋਵੇ ਤਾਂ ਫਿਰ ਆ ਕੇ ਕਹੋ। ਜੇ ਕਿਸੇ ਦੀ ਬੁਰਿਆਈ ਕਰੋਗੇ ਤਾਂ ਕੰਮ ਨਹੀਂ ਹੋਵੇਗਾ। ਬਾਬਾ ਗੁਰਬਚਨ ਸਿੰਘ ਕਿਸੇ ਦਾ ਨੁਕਸਾਨ ਥੋੜਾ ਹੀ ਕਰਦਾ ਹੈ। ਇਸ ਤਰ੍ਹਾਂ ਨੁਕਸਾਨ ਵਾਲੇ ਕੰਮ ਨਿਰੰਕਾਰ ਨਹੀਂ ਕਰਦਾ, ਕਿਉਂਕਿ ਉਸ ਨੂੰ ਪਤਾ ਹੈ ਇਸ ਨਾਲ ਇਸ ਦਾ ਨੁਕਸਾਨ ਹੋਵੇਗਾ। ਜਿਹੜਾ ਤਰੀਕਾ ਤੁਹਾਨੂੰ ਮੈਂ ਦਸਿਆ ਹੈ ਉਸ ਨਾਲ ਇਕ ਦੋ ਦੇ ਨਹੀਂ, ਹਜ਼ਾਰਾਂ ਦੇ ਕੰਮ ਹੋਏ ਹਨ। ਕਿਉਂਕਿ ਗੁਰੂ ਅੰਤਰਜਾਮੀ ਹੁੰਦਾ ਹੈ, ਇਸ ਲਈ ਘਰ ਬੈਠ ਕੇ ਹੀ ਗੁਰੂ ਦਾ ਧਿਆਨ ਕਰ ਕੇ ਬਾਬੇ ਗੁਰਬਚਨ ਸਿੰਘ ਦਾ ਧਿਆਨ ਧਰ ਕੇ ਬੇਨਤੀ ਕਰਿਆ ਕਰੋ, ਜੇ ਕੋਈ ਬੇਕਾਰ ਹੈ ਤਾਂ ਨੌਕਰੀ ਲਈ ਅਰਦਾਸ ਕਰੋ, ਜੇ ਦੌਲਤ ਨਹੀਂ ਦੌਲਤ ਮੰਗੋ, ਜੇ ਔਲਾਦ ਨਹੀਂ ਔਲਾਦ ਮੰਗੋ, ਤੁਹਾਡਾ ਕੰਮ ਹੋ ਜਾਵੇਗਾ। ਜੇ ਉਸ ਕੰਮ ਵਿਚ ਤੁਹਾਡਾ ਫ਼ਾਇਦਾ ਹੈ ਤਾਂ ਜ਼ਰੂਰ ਹੋਵੇਗਾ। ਜੇ ਨੁਕਸਾਨ ਹੈ ਤਾਂ ਨਹੀਂ ਹੋਵੇਗਾ, ਕਿਉਂਕਿ ਉਹ ਅੰਤਰਜਾਮੀ ਹੈ, ਸਭ ਕੁਝ ਜਾਣਦਾ ਹੈ।

''ਦੂਜੀ ਗੱਲ ਇਹ ਹੈ ਕਿ ਜਦੋਂ ਕੋਈ ਕੰਮ ਕਰਾਣਾ ਹੋਵੇ, ਕੋਈ ਤਕਲੀਫ਼ ਦੂਰ ਕਰਾਣੀ ਹੋਵੇ ਤਾਂ ਬਾਬਾ ਗੁਰਬਚਨ ਸਿੰਘ ਦੀ ਸ਼ਕਲ ਦਾ ਧਿਆਨ ਧਰੋ ਤੇ ਬੇਨਤੀ ਕਰੋ। ਦਿਲ ਵਿਚ ਤਸਵੀਰ ਦਾ ਧਿਆਨ ਧਰ ਕੇ ਕਹੋ, ਹੇ ਸਚੇ ਪਾਤਸ਼ਾਹ, ਮੇਰਾ ਕੰਮ ਪੂਰਾ ਹੋ ਜਾਵੇ। ਫਿਰ ਜਿਸ ਵਕਤ ਕੰਮ ਹੋ ਜਾਵੇ, ਮਹੀਨੇ ਬਾਅਦ, ਦੋ ਮਹੀਨੇ ਬਾਅਦ, ਸਾਲ ਬਾਅਦ, ਦੋ ਸਾਲ ਬਾਅਦ, ਉਸ ਵੇਲੇ ਆ ਕੇ ਦਸੋ ਕਿ ਮੇਰਾ ਕੰਮ ਹੋ ਗਿਆ ਹੈ। ਕੰਮ ਤੋਂ ਪਹਿਲਾਂ ਰੌਲਾ ਨਾ ਪਾਓ। ਕਈ ਮੇਰੇ ਕੋਲ ਆ ਜਾਂਦੇ ਹਨ ਤੇ ਮੇਰੇ ਮੂੰਹੋਂ ਕਹਾਂਦੇ ਹਨ। ਫਿਰ ਕਹਿੰਦੇ ਹਨ ਕਿ ਬਸ ਜੀ ਸਾਨੂੰ ਬਾਬਾ ਜੀ ਨੇ ਕਹਿ ਦਿਤਾ ਹੈ ਕਿ ਤੁਹਾਡਾ ਕੰਮ ਹੋ ਜਾਵੇਗਾ, ਮੈਂ ਕੀ ਕਰ ਸਕਦਾ ਹਾਂ, ਕੰਮ ਤਾਂ ਨਿਰੰਕਾਰ ਨੇ ਕਰਨਾ ਹੈ। ਜੇ ਕੰਮ ਠੀਕ ਹੈ ਤੇ ਤੁਹਾਨੂੰ ਫ਼ਾਇਦਾ ਹੋਣ ਵਾਲਾ ਹੈ ਤਾਂ ਹਰ ਹਾਲਤ ਵਿਚ ਹੋਵੇਗਾ। ਪਰ ਜੇ ਗੱਲ ਠੀਕ ਨਹੀਂ ਹੈ ਉਸ ਦੇ ਪੂਰੇ ਹੋਣ ਨਾਲ ਤੁਹਾਡਾ ਨੁਕਸਾਨ ਹੋਵੇ ਤਾਂ ਉਹ ਕੰਮ ਨਹੀਂ ਹੋਵੇਗਾ।''

੨੭ ਅਪ੍ਰੈਲ ੧੯੬੯ ਦੀ ਉਪਰੋਕਤ ''ਵਿਚਾਰ'' ਵਿਚ ਅਵਤਾਰ ਸਿੰਘ ਇਕ ਬੜੇ ਹੁਸ਼ਿਆਰ ਅਤੇ ਮੱਕਾਰ ਉਸਤਾਦ ਵਾਂਗ ਉਸਤਾਦੀ ਖੇਡ ਗਏ ਹਨ, ਜਿਸ ਨੂੰ ਆਮ ਸਾਧਾਰਨ ਵਿਅਕਤੀ ਨਹੀਂ ਸਮਝ ਸਕਦਾ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਉਸ ਨੇ ਆਪਣੇ ਜੀਉਂਦੇ-ਜੀ ਆਪਣੇ ਪੁਤਰ ਗੁਰਬਚਨ ਸਿੰਘ ਨੂੰ ਗੱਦੀ ਦਾ ਨਾ-ਕੇਵਲ ਮਾਲਕ ਬਣਾਇਆ ਸਗੋਂ ਭੁਖੀ ਤਿਹਾਈ ਲੁਕਾਈ ਨੂੰ ਗੁਰਬਚਨ ਸਿੰਘ ਤੋਂ ਮੰਗਾਂ ਮੰਗ ਮੰਗ ਕੇ ਆਪਣੀ ਪਿਆਸ ਬੁਝਾਣ ਦੀ ਜਾਂਚ ਭੀ ਦਸੀ ਹੈ। ਕਿਵੇਂ ਫ਼ੋਟੋ ਦਾ ਧਿਆਨ ਕਰਨਾ ਹੈ, ਕਿਵੇਂ ਮਨ ਵਿਚ ਗੁਰਬਚਨ ਸਿੰਘ ਦੀ ਤਸਵੀਰ ਦਾ ਧਿਆਨ ਕਰ ਕੇ ਕੁਝ ਮੰਗਣਾ ਹੈ। ਸਿਖ ਧਰਮ ਵਿਚ—

''ਧਿਆਨ ਧਰੋ ਤਿਹ ਕੋ ਮਨ ਮੈਂ



www.AKJ.Org

ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ ॥''

[ਤ੍ਵਪ੍ਰਸਾਦਿ ਸਵੱਯੇ, ਪਾ: ੧੦

ਅਨੁਸਾਰ ਕੇਵਲ ਅਕਾਲ ਪੁਰਖ ਦਾ ਧਿਆਨ ਧਰਨਾ ਮੰਗਿਆ ਹੈ। ਮੂਰਤੀ ਦਾ, ਤਸਵੀਰ ਦਾ ਧਿਆਨ ਧਰਨਾ ਸਨਾਤਨੀ ਕਰਮ ਹੈ। ਅਵਤਾਰ ਸਿੰਘ ਛੁਟੜ-ਅਭਿਲਾਖੀ ਵਾਂਗ ਹਰ ਧਰਮ ਦੇ ਸਿਧਾਂਤ ਵਿਚੋਂ ਕਿਸੇ ਦਾ ਕੋਈ ਸਿਰਾ, ਕਿਸੇ ਦਾ ਕੋਈ ਲੈ ਕੇ ਆਪਣੇ ਕਥਿਤ ਧਰਮ ਦੀ ਵਿਆਖਿਆ ਕਰਦਾ ਹੈ।

ਸਿਧਾਂਤਕ ਟੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਇਸ ਲਈ ਲੈਂਦਾ ਹੈ, ਕਿਉਂਕਿ :-

(੧) ਆਪਣੇ 'ਸਤਿਸੰਗ' ਵਿਚ ਬੈਠੇ ਸਿਖ ਇਹ ਮਹਿਸੂਸ ਕਰਨ ਕਿ ਉਹ ਤਾਂ ਕੇਵਲ ਗੁਰਬਾਣੀ ਦੀ ਵਿਚਾਰ ਹੀ ਸੁਣ ਰਹੇ ਹਨ।

(੨) ਪਰ ਵਾਸਤਵ ਵਿਚ ਗੁਰਬਾਣੀ ਦੇ ਸਿਧਾਂਤ ਨੂੰ ਉਹ ਹਮੇਸ਼ਾ ਆਪਣੇ ਨਿਜੀ-ਸਵਾਰਥ ਲਈ ਵਰਤਦਾ ਹੈ, ਜਿਵੇਂ ਉਪਰੋਕਤ ਵਿਚਾਰ ਵਿਚ ''ਸਾਧ ਕਾ ਅੰਚਲ'' ਸਿਖ ਸਿਧਾਂਤ ਅਨੁਸਾਰ ਕੇਵਲ ਸ੍ਰੀ ਗ੍ਰੰਥ ਸਾਹਿਬ ਦਾ ਲੜ ਫੜਨਾ ਹੈ, ਪਰ ਨਵ-ਜਨਮੇ ਧੁਰੋਂ ਬਣੇ, ਆਪ-ਹੁਦਰੇ ਅਵਤਾਰ ਸਿੰਘ ਸਾਧ ਦੇ ਅੰਚਲ ਨੂੰ ਉਹ ਅਵਤਾਰ ਸਿੰਘ ਜਾਂ ਉਸ ਦੇ ਪੁਤਰ ਗੁਰਬਚਨ ਸਿੰਘ ਦਾ ਪਲਾ ਹੀ ਸਮਝਦੇ ਹਨ।

(੩) ਮੰਗਾਂ ਮੰਗਣ ਵਾਲੀ ਗੱਲ ਤਾਂ ਹੋਰ ਵੀ ਦਿਲਚਸਪ ਹੈ। ਜੇ ਕੰਮ ਨਹੀਂ ਹੋਇਆ ਤਾਂ ਬਹਾਨੀ ਬੜਾ ਵਧੀਆ ਜਵਾਬ ਹੈ ਕਿ ''ਇਹ ਕੰਮ ਤੁਹਾਡੇ ਹਿਤ ਵਿਚ ਨਹੀਂ ਸੀ।''

''ਰੋਟੀ ਖਾਓ ਸ਼ਕਰ ਸੇ, ਦੁਨੀਆ ਲੁਟੋ ਮੱਕਰ ਸੇ'' ਦੀ ਕਹਾਵਤ ਅਨੁਸਰ ਅਵਤਾਰ ਸਿੰਘ ਨੂੰ ਇਹ ਪਤਾ ਹੈ ਕਿ ਅਜ ਦੀ ਮਾਦਾ-ਪ੍ਰਸਤ ਦੁਨੀਆਂ ਵਿਚ ਰੱਬ ਕੋਲੋਂ ਮੰਗਣ ਵਾਲੇ ਬਥੇਰੇ। ਕੰਮ ਤਾਂ ਰੱਬ ਨੇ ਕਰਨਾ ਹੈ ਤੇ ਕਿਉਂ ਨਾ ਉਸ ਦਾ ਸਾਰਾ ਕਰੈਡਿਟ ਆਪੂੰ ਜਾਂ ਗੁਰਬਚਨ ਸਿੰਘ ਨੂੰ ਦਿਵਾਇਆ ਜਾਏ। ਇਕ ਅੰਗਰੇਜ਼ੀ ਦੀ ਕਹਾਵਤ ਹੈ, ''ਤੁਸੀਂ ਕੁਝ ਲੋਕਾਂ ਨੂੰ ਤਾਂ ਹਮੇਸ਼ਾਂ ਲਈ ਬੁਧੂ ਬਣਾ ਸਕਦੇ ਹੋ, ਸਾਰੇ ਲੋਕਾਂ ਨੂੰ ਕੁਝ ਸਮੇਂ ਲਈ, ਪਰ ਸਭ ਲੋਕਾਂ ਨੂੰ ਹਮੇਸ਼ਾਂ ਲਈ ਬੁੱਧੂ ਨਹੀਂ ਬਣਾ ਸਕਦੇ।'' ਅਜ ਖਾਲਸਾ ਜਾਗ ਪਿਆ ਹੈ । ਜਿਹੜੇ ਭੁਲੜ ਸਿਖ ਵੀਰ ਭੀ ਮੱਕਾਰ ''ਅਵਤਾਰਾਂ'' ਦੇ ਢਹੇ ਚੜ੍ਹ ਗਏ ਸਨ, ਉਹ ਭੀ ਸੰਭਲ ਕੇ ਵਾਪਸ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਚਲ ਫੜ ਚੁਕੇ ਹਨ।

ਸੱਚੇ ਦਾ ਬੋਲ ਬਾਲਾ,
ਝੂਠੇ ਦਾ ਮੂੰਹ ਕਾਲਾ।

----

# ਗੁਰਬਚਨ ਸਿੰਹੁ ਨਕਲੀ ਨਿਰੰਕਾਰੀ

ਵਲੋਂ—ਭਾਈ ਮੋਹਨ ਸਿੰਘ ਜੀ, ਮੁਜ਼ੱਫਰਪੁਰ (ਬਿਹਾਰ)

''ਸੰਤ ਕਾ ਨਿੰਦਕੁ ਮਹਾ ਹਤਿਆਰਾ ॥''
''ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥''
ਕੀਤਾ ਜਿਹੜਾ ਇਸ ਨੇ ਕਾਰਾ।
ਪਾਂਬਰ ! ਨਰਕਾਂ ਦਾ ਅਧਿਕਾਰੀ।
ਗੁਰਬਚਨ ਸਿੰਹੁ ਨਕਲੀ ਨਿਰੰਕਾਰੀ।
ਉਠੋ ਸਿੰਘੋ ! ਹੰਭਲਾ ਮਾਰੋ ।
ਸੁਤਿਓ ਸ਼ੇਰੋ ! ਹੋਸ਼ ਸੰਭਾਰੋ ।
ਦੇਸ਼ ਕੌਮ ਦੇ ਪਹਿਰੇਦਾਰੋ ।
ਸਮਾਂ ਸੰਭਾਲਣ ਦੀ ਜੇ ਵਾਰੀ।
ਇਹ ਦੰਭੀ ਨਕਲੀ ਨਿਰੰਕਾਰੀ।

''ਬਾਣੀ ਗੁਰੂ ਗੁਰੂ ਹੈ ਬਾਣੀ ।''
'ਮੋਹਨ' ਨਹੀਂ ਕੁਈ ਇਸ ਦਾ ਸਾਨੀ।
ਸਾਡਾ ਸ੍ਰੀ ਗੁਰੂ ਗ੍ਰੰਥ ਲਾਸਾਨੀ।
ਨੇ ਬਾਕੀ ਸਭ ਦੰਭੀ ਦੇਹਧਾਰੀ।
ਬਚਨੇ ਜਹੇ ਨਕਲੀ ਨਿਰੰਕਾਰੀ।
ਸ਼ਹੀਦ ਸਿੰਘਾਂ ਨਹੀਂ ਕਰਨਾ ਮਾਫ਼ ।
ਜੇ ਇਹ ਡਿੰਭ ਨਾ ਹੋਇਆ ਸਾਫ਼।
ਵੀਰਾਂ ਨਾਲ ਕਰੋ ਇਨਸਾਫ਼।
ਤੇ ਗੁਰੂ-ਦੰਭ ਦੀ ਕਢੋ ਬਿਮਾਰੀ।
ਇਹ ਦੰਭੀ ਨਕਲੀ ਨਿਰੰਕਾਰੀ।



www.AKJ.Org

# ਡਿੰਭੀ ਗੁਰੂਆਂ ਦੇ ਢੋਲ ਦਾ ਪੋਲ

## *ਨਕਲੀ ਨਿਰੰਕਾਰੀਆਂ ਦਾ ਪੈਗ਼ੰਬਰੀ ਦਾਅਵਾ ਨਿਰਾ ਢਕੌਂਸਲਾ*

[ਲੇਖਕ—ਡਾ: ਗੰਡਾ ਸਿੰਘ ਜੀ, ਐਮ.ਏ.,ਪੀ.ਐਚ.ਡੀ. ਡੀ.ਲਿਟ. ਹਿਸਟੋਰੀਅਨ]

ਨਕਲੀ ਨਿਰੰਕਾਰੀ ਅੱਜ ਕਲ੍ਹ ਸਫਾਈਆਂ ਦੇ ਰਹੇ ਹਨ ਕਿ ਉਹ ਸ੍ਰੀ ਗੁਰੂ ਗਰੰਥ ਸਾਹਿਬ ਦਾ ਆਦਰ ਮਾਣ ਕਰਦੇ ਹਨ। ਮਗਰ ਹੁਣ ਤਕ ਦੇਹਧਾਰੀ ਗੁਰੂਆਂ ਦੇ ਹਾਮੀ ਰਹੇ ਹਨ ਤੇ ਗੁਰਬਚਨ ਸਿੰਘ ਨੂੰ ਗੁਰੂ ਕਹਿੰਦੇ ਤੇ ਮੰਨਦੇ ਹਨ।

ਸ੍ਰੀ ਹਰਚਰਨ ਸਿੰਘ ਨਿਰਮਾਣ (ਨਿਰੰਕਾਰੀ) ਨੇ ਆਪਣੀ ਖੋਜ ਅਨੁਸਾਰ ਜੋ ਪੈਗੰਬਰਾਂ ਦੀ ਲੜੀ ਦਿਤੀ ਹੈ ਉਸ ਵਿਚ ਪਹਿਲਾ ਨਾਉਂ ਸੰਤ ਸਿੰਘ ਦਾ ਹੈ ਅਤੇ ਦੂਸਰਾ ਸੰਗਤ ਸਿੰਘ। ਇਹਨਾਂ ਦੋਹਾਂ ਦਾ ਸਬੰਧ ਅੱਠ ਦਸੰਬਰ ਸੰਨ ੧੭੦੫ ਨੂੰ ਹੋਏ ਚਮਕੌਰ ਦੇ ਜੰਗ ਨਾਲ ਹੈ। ਇਨ੍ਹਾਂ ਦੋਹਾਂ ਸਬੰਧੀ ਲਿਖਾਰੀਆਂ ਵਿਚ ਚੋਖਾ ਭੁਲੇਖਾ ਅਤੇ ਮਤਭੇਦ ਹੈ। ਜੰਗ ਵਾਲੇ ਦਿਨ ਦੇ ਖਤਮ ਹੋਣ ਨਾਲ ਜਦ ਰਾਤ ਪੈ ਗਈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੈਰੀਆਂ ਵਲੋਂ ਘੇਰੀ ਹੋਈ ਚਮਕੌਰ ਦੀ ਹਵੇਲੀ ਦੇ ਵੈਰੀਆਂ ਦੇ ਹੱਥ ਆ ਜਾਣ ਦਾ ਖਤਰਾ ਵੇਖ ਕੇ ਉਥੋਂ ਨਿਕਲ ਜਾਣ ਦਾ ਮਨ ਬਣਾ ਲਿਆ ਤਾਂ ਉਨ੍ਹਾਂ ਨੇ ਆਪਣਾ ਲਿਬਾਸ ਤੇ ਕਲਗੀ ਭਾਈ ਸੰਤ ਸਿੰਘ ਨੂੰ ਦੇ ਕੇ ਆਪਣੇ ਥਾਂ ਬਿਠਾ ਦਿਤਾ, ਤਾਂਕਿ ਵੈਰੀਆਂ ਨੂੰ ਇਹ ਹੀ ਖਿਆਲ ਰਹੇ ਕਿ ਗੁਰੂ ਜੀ ਉਥੇ ਹੀ ਹਨ ਅਤੇ ਆਪ ਉਥੋਂ ਨਿਕਲ ਗਏ। ਕਈਆਂ ਦਾ ਖਿਆਲ ਹੈ ਕਿ ਗੁਰੂ ਸਾਹਿਬ ਨੇ ਇਸ ਵੇਲੇ ਆਪਣੇ ਬਸਤਰ ਅਤੇ ਕਲਗੀ ਭਾਈ ਸੰਗਤ ਸਿੰਘ ਬੰਗਸ਼ੀ ਨੂੰ ਦੇ ਕੇ ਆਪਣੀ ਜਗ੍ਹਾ ਬਿਠਾਇਆ ਸੀ। ਭਾਈ ਸੁਖਾ ਸਿੰਘ ਜੀ ਦੇ ਗੁਰ-ਬਿਲਾਸ ਅਨੁਸਾਰ ਭਾਈ ਸੰਤ ਸਿੰਘ ਦਿਨੇ ਹੀ ਯੁਧ ਵਿਚ ਸ਼ਹੀਦ ਹੋ ਗਏ ਸਨ, ਪਰ ਸਾਰੇ ਹੀ ਲਿਖਾਰੀਆਂ ਨੇ ਇਹ ਲਿਖਿਆ ਹੈ ਕਿ ਭਾਈ ਸੰਗਤ ਸਿੰਘ ਜੀ ਜਾਂ ਭਾਈ ਸੰਤ ਸਿੰਘ, ਜਿਸ ਕਿਸੇ ਨੂੰ ਭੀ ਗੁਰੂ ਜੀ ਨੇ ਕਲਗੀ ਬਖਸ਼ ਕੇ ਵੈਰੀ ਨੂੰ ਭੁਚ-ਲਾਉਣ ਲਈ ਆਪਣੀ ਥਾਂ ਬਿਠਾਇਆ ਸੀ, ਉਹ ਸਵੇਰ ਹੁੰਦੇ ਸਾਰ ਹੀ ਵੈਰੀਆਂ ਦੇ ਹਥੋਂ ਸ਼ਹੀਦ ਹੋ ਗਏ ਸੀ। ਇਹ ਵਾਕਿਆ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਤ ਅਕਤੂਬਰ ੧੭੦੮ ਈਸਵੀ ਨੂੰ ਨਾਂਦੇੜ (ਦੱਖਣ) 'ਚ ਜੋਤੀ ਜੋਤਿ ਸਮਾਉਣ ਤੋਂ ੩ ਸਾਲ ਦੋ ਮਹੀਨੇ ਪਹਿਲਾਂ ਦਾ ਹੈ, ਜਦ ਕਿ ਦਸਮ ਪਾਤਸ਼ਾਹ ਨੇ ਦੇਹ-ਧਾਰੀ ਗੁਰੂ ਦਾ ਸਿਲਸਿਲਾ ਸਦਾ ਲਈ ਖ਼ਤਮ ਕਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ ਦਿਤੀ ਸੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਦੇ ਪੈਗੰਬਰਾਂ ਵਿਚ ਸੰਤ ਸਿੰਘ ਜਾਂ ਸੰਗਤ ਸਿੰਘ ਜੀ ਦਾ ਨਾਉਂ ਗਿਣਨਾ ਇਕ ਅਨਹੋਣੀ ਗੱਲ ਅਤੇ ਇਤਿਹਾਸਕ ਭੁਲ ਹੈ। ਜਿਹਨਾਂ ਬੰਦਿਆਂ ਦਾ ਤਿੰਨ ਸਾਲ ਦੋ ਮਹੀਨੇ ਪਹਿਲਾਂ ਹੀ ਦਿਹਾਂਤ ਹੋ ਗਿਆ ਹੋਵੇ ਉਹ ਬਾਅਦ ਵਿਚ ਕਿਸੇ ਦੇ ਪਿਛਲੇ ਵਾਰਸ ਹੋ ਹੀ ਨਹੀਂ ਸਕਦੇ।

ਸ੍ਰੀ ਹਰਚਰਨ ਸਿੰਘ ਜੀ ਨੇ ਭਾਈ ਸੰਗਤ ਸਿੰਘ ਜੀ ਤੋਂ ਅਗਲੇ ਪੈਗੰਬਰ ਦਾ ਨਾਉਂ ਬਾਲਕ ਸਿੰਘ ਜੀ ਲਿਖਿਆਂ ਹੈ, ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ। ਇਹਨਾਂ ਦਾ ਜਨਮ ਚਮਕੌਰ ਵਿਚ ਭਾਈ ਸੰਗਤ ਸਿੰਘ ਜੀ ਦੀ ਸ਼ਹੀਦੀ ਤੋਂ ਉਨਾਸੀ ਸਾਲ ਬਾਅਦ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ-ਉਣ ਤੋਂ ਛਿਹੱਤਰ ਵਰ੍ਹੇ ਪਿਛੋਂ ਸੰਨ ੧੭੮੪ ਈਸਵੀ ਵਿਚ ਹੋਇਆ ਸੀ, ਜੋ ਪੌਣੀ ਸਦੀ ਤੋਂ ਵੀ ਜ਼ਿਆਦਾ ਬਣਦਾ ਹੈ। ਇਹਨਾਂ ਨੂੰ ਨਾ ਤਾਂ ਭਾਈ ਸੰਗਤ ਸਿੰਘ ਜੀ ਹੀ ਟਿਕ ਸਕਦੇ ਸਨ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੀ ਨਿਯਤ ਕੀਤਾ



www.AKJ.Org

ਜਾ ਸਕਦਾ ਸੀ, ਕਿਉਂਕਿ ਉਹ ਦੋਨੋਂ ਹੀ ਉਹਨਾਂ ਦੇ ਸਮੇਂ ਜੀਉਂਦੇ ਨਹੀਂ ਸਨ। ਇਸ ਲਈ ਸ੍ਰੀ ਹਰਚਰਨ ਸਿੰਘ ਦੀ ਖੋਜ ਦੇ ਨਿਚੋੜ ਅਨੁਸਾਰ ਬਾਬਾ ਬਾਲਕ ਸਿੰਘ ਦੇ ਭਾਈ ਸੰਗਤ ਸਿੰਘ ਤੋਂ ਬਾਅਦ ਦਾ ਪੈਗੰਬਰ ਹੋਣ ਵਾਲੀ ਗੱਲ ਉੱਕੀ ਹੀ ਨਿਰਮੂਲ ਅਤੇ ਗਲਤ ਹੋ ਜਾਂਦੀ ਹੈ।

ਆਪ ਨੇ ਬਾਬਾ ਬਾਲਕ ਸਿੰਘ ਜੀ ਤੋਂ ਬਾਅਦ ਦੇ ਪੈਗੰਬਰ ਦਾ ਨਾਉਂ ਦਿਆਲ ਜੀ ਦਿਤਾ ਹੈ। ਸ੍ਰੀ ਬਾਬਾ ਦਿਆਲ ਜੀ ਉਨ੍ਹੀਵੀਂ ਸਦੀ ਦੀ ਸਿਖ ਭਾਈਚਾਰਕ-ਸੁਧਾਰ ਨਿਰੰਕਾਰੀ ਲਹਿਰ ਦੇ ਮੁਢਲੇ ਆਗੂ ਹੋਏ ਹਨ, ਜੋ ਹੁਣ ਤਕ ਚਲੀ ਆ ਰਹੀ ਹੈ ਅਤੇ ਨਿਰੰਕਾਰੀ ਦਰਬਾਰ ਦੇ ਨਾਉਂ ਨਾਲ ਅਜ ਕਲ੍ਹ ਵੀ ਇਹਨਾਂ ਦਾ ਮੁਖ ਅਸਥਾਨ ਚੰਡੀਗੜ੍ਹ ੨੧-ਸੈਕਟਰ ਵਿਚ ਹੈ ਅਤੇ ਇਸ ਦੇ ਮੁਖ-ਅਧਿਕਾਰੀ ਆਗੂ ਬਾਬਾ ਗੁਰਬਖਸ਼ ਸਿੰਘ ਜੀ ਹਨ। ਇਹ ੧੯੪੭ ਵਿਚ ਹੋਈ ਦੇਸ਼ ਦੀ ਵੰਡ ਵੇਲੇ ਰਾਵਲਪਿੰਡੀ ਤੋਂ ਭਾਰਤ ਆ ਗਏ ਸਨ।

ਬਾਬਾ ਬਾਲਕ ਸਿੰਘ ਜੀ ਵਲੋਂ ਬਾਬਾ ਦਿਆਲ ਜੀ ਨੂੰ ਆਪਣਾ ਉਤਰਾਧਿਕਾਰੀ ਪੈਗੰਬਰ ਮਿਥੇ ਜਾਣ ਦੀ ਗੱਲ ਦਾ ਜ਼ਿਕਰ ਨਾ ਤਾਂ ਕਿਧਰੇ ਨਾਮਧਾਰੀ ਇਤਿਹਾਸ ਜਾਂ ਕਿਸੀ ਹੋਰ ਨਾਮਧਾਰੀ ਲਿਖਤ ਵਿਚ ਹੀ ਆਇਆ ਹੈ ਅਤੇ ਨਾ ਹੀ ਨਿਰੰਕਾਰੀ ਦਰਬਾਰ ਦੇ ਸਾਹਿੱਤ ਵਿਚ। ਇਹਨਾਂ ਦੋਨਾਂ ਹੀ ਮਹਾਨ ਲਹਿਰਾਂ ਦੇ ਕਿਸੀ ਮੁਖੀ ਆਗੂ ਨੇ ਵੀ ਕਦੀ ਕਿਧਰੇ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ।

ਬਾਬਾ ਬਾਲਕ ਸਿੰਘ ਜੀ ਦੇ ਜਿਹਨਾਂ ਪ੍ਰਮੁਖ ਅਨੁਯਾਈਆਂ ਤੇ ਪਿਛਲੇ ਆਗੂਆਂ ਦਾ ਜ਼ਿਕਰ ਆਉਂਦਾ ਹੈ, ਉਹ ਹਨ ਭਾਈ ਕਾਹਨ ਸਿੰਘ ਹਜ਼ਰੋਵਾਲੇ, ਭਾਈ ਲਾਲ ਸਿੰਘ ਸ੍ਰੀ ਅੰਮ੍ਰਿਤਸਰ ਵਾਲੇ ਅਤੇ ਬਾਬਾ ਰਾਮ ਸਿੰਘ ਭੈਣੀ ਸਾਹਿਬ ਵਾਲੇ। ਬਾਬਾ ਰਾਮ ਸਿੰਘ ਜੀ (ਸੰਨ ੧੮੧੬-੧੮੮੪) ਨਾਮਧਾਰੀ ਲਹਿਰ ਦੇ ਪ੍ਰਮੁਖ ਸੰਚਾਲਕ ਅਤੇ ਆਗੂ ਹੋਏ ਹਨ। ਇਹ ਬਾਬਾ ਬਾਲਕ ਸਿੰਘ ਜੀ ਦੇ ਸਮਕਾਲੀ ਸਨ ਅਤੇ ਇਹਨਾਂ ਦੇ ਦਸੰਬਰ ਸੰਨ ੧੮੬੨ ਵਿਚ ਹੋਏ ਦੇਹਾਂਤ ਸਮੇਂ ਜੀਉਂਦੇ ਸਨ। ਇਹਨਾਂ ਦੀ ਭੀ ਕਿਸੇ ਲਿਖਤ ਵਿਚ ਇਸ ਗੱਲ ਦਾ ਕਿਧਰੇ ਕੋਈ ਜ਼ਿਕਰ ਨਹੀਂ ਆਉਂਦਾ ਕਿ ਬਾਬਾ ਬਾਲਕ ਸਿੰਘ ਨੇ ਆਪਣੀ ਜ਼ਿੰਦਗੀ ਵਿਚ ਕਿਸੇ ਵੇਲੇ ਜਾਂ ਦੇਹਾਂਤ ਸਮੇਂ ਬਾਬਾ ਦਿਆਲ ਜੀ ਨੂੰ ਆਪਣਾ ਉਤਰਾਧਿਕਾਰੀ ਨਿਯਤ ਕੀਤਾ ਸੀ। ਨਾ ਹੀ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਹੋਏ ਬਾਬਾ ਹਰੀ ਸਿੰਘ ਜੀ ਜਾਂ ਉਹਨਾਂ ਤੋਂ ਬਾਅਦ ਦੇ ਸ੍ਰੀ ਬਾਬਾ ਪ੍ਰਤਾਪ ਸਿੰਘ ਦਾ ਹੀ ਕਦੀ ਇਹ ਕਿਹਾ ਹੋਇਆ ਕਿਧਰੇ ਮਿਲਦਾ ਹੈ। ਨਾਮਧਾਰੀ ਸਿੰਘ ਬਾਬਾ ਬਾਲਕ ਸਿੰਘ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੂੰ ਹੀ ਪ੍ਰਵਾਨ ਹੋਏ ਮੰਨਦੇ ਹਨ, ਜਿਹਨਾਂ ਦਾ ਨਿਰਮਾਣ ਜੀ ਨੇ ਕੋਈ ਜ਼ਿਕਰ ਨਹੀਂ ਕੀਤਾ।

ਇਸੇ ਤਰ੍ਹਾਂ ਹੀ ਨਿਰੰਕਾਰੀ ਦਰਬਾਰ ਦੇ ਪ੍ਰਮੁਖ ਆਗੂਆਂ ਨੇ ਭੀ ਇਹ ਗੱਲ ਕਿਧਰੇ ਨਹੀਂ ਆਖੀ ਹੋਈ ਕਿ ਸ੍ਰੀ ਬਾਬਾ ਦਿਆਲ ਜੀ ਨੂੰ ਬਾਬਾ ਬਾਲਕ ਸਿੰਘ ਜੀ ਨੇ ਟਿੱਕਿਆ ਜਾਂ ਮਿਥਿਆ ਸੀ। ਉਹ ਕਿਧਰੇ ਭੀ ਬਾਬਾ ਬਾਲਕ ਸਿੰਘ ਜੀ ਦਾ ਇਸ ਤਰ੍ਹਾਂ ਜ਼ਿਕਰ ਨਹੀਂ ਕਰਦੇ, ਬਲਕਿ ਇਹ ਕਹਿੰਦੇ ਹਨ ਕਿ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਬ੍ਰਾਹਮਣੀ ਅਸਰ ਹੇਠਾਂ ਸਿਖਾਂ ਦੀ ਭਾਈਚਾਰਕ ਹਾਲਤ ਵਿਗੜਦੀ ਜਾ ਰਹੀ ਵੇਖ ਕੇ ਸ੍ਰੀ ਬਾਬਾ ਦਿਆਲ ਜੀ ਨੇ ਉਸ ਦੇ ਸੁਧਾਰ ਲਈ ਨਿਰੋਲ ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਅਨੁਸਾਰ ਜੀਵਨ ਨੂੰ ਢਾਲਣ ਅਤੇ ਕਾਰ-ਵਿਹਾਰ ਕਰਨ ਵਲ ਪ੍ਰੇਰਿਆ ਅਤੇ ਜ਼ੋਰ ਦਿਤਾ। ਬਾਬਾ ਦਿਆਲ ਜੀ ਚੂੰਕਿ ਕੇਵਲ ਇਕ ਨਿਰਾਕਾਰ ਅਜੋਨੀ ਪਰਮਾਤਮਾ ਦੀ ਭਗਤੀ ਦੀ ਸਿਖਿਆ ਦਿੰਦੇ ਸਨ ਅਤੇ ਉਨ੍ਹਾਂ ਦਾ ਬੋਲਾ ਸੀ :

"ਪਿਆਰਿਓ, ਜਪੋ ਧੰਨ ਨਿਰੰਕਾਰ,
ਜੋ ਦੇਹਧਾਰੀ ਸਭ ਖੁਆਰ।"

ਇਸ ਲਈ ਬਾਬਾ ਦਿਆਲ ਜੀ ਦੀ ਸਿੱਖੀ-ਪ੍ਰਚਾਰਕ ਲਹਿਰ ਨਿਰੰਕਾਰੀ ਪ੍ਰਸਿਧ ਹੋਈ ਅਤੇ ਹੁਣ ਤਕ ਹੈ। ਬਾਬਾ ਦਿਆਲ ਜੀ ਤੋਂ ਬਾਅਦ ਇਸ



www.AKJ.Org

ਨਿਰੰਕਾਰੀ ਮਿਸ਼ਨ ਦੇ ਆਗੂ ਬਾਬਾ ਦਰਬਾਰਾ ਸਿੰਘ ਜੀ (੧੮੩੫-੧੮੭੦), ਬਾਬਾ ਰਤਨ ਚੰਦ ਜੀ (ਪ੍ਰਸਿਧ ਸਾਹਿਬ ਰੱਤਾ ਜੀ) (੧੮੭੦-੧੯੦੯), ਬਾਬਾ ਗੁਰਦਿਤ ਸਿੰਘ ਜੀ (੧੯੦੯-੧੯੪੭), ਬਾਬਾ ਹਰਾ ਸਿੰਘ ਜੀ (੧੯੪੭-੭੧) ਹੋਏ ਹਨ, ਅਤੇ ਹੁਣ ਬਾਬਾ ਗੁਰਬਖਸ਼ ਸਿੰਘ ਜੀ ਹਨ । ਨਿਰੰਕਾਰੀ ਵੀਰ ਇਹਨਾਂ ਮਹਾਂਪੁਰਖਾਂ ਨੂੰ ਜਾਂ ਇਹ ਆਪਣੇ ਆਪ ਨੂੰ ਨਾ ਤਾਂ ਰਬ ਮੰਨਦੇ ਹਨ ਅਤੇ ਨਾ ਹੀ ਰਬ ਦਾ ਅਵਤਾਰ ਜਾਂ ਪੈਗੰਬਰ । ਇਸ ਲਈ ਸ੍ਰੀ ਹਰਚਰਨ ਸਿੰਘ ਨਿਰਮਾਣ ਵਲੋਂ ਸ੍ਰੀ ਬਾਬਾ ਦਿਆਲ ਜੀ, ਬਾਬਾ ਦਰਬਾਰਾ ਸਿੰਘ ਜੀ ਅਤੇ ਬਾਬਾ ਰੱਤਾ ਜੀ ਨੂੰ ਪੈਗੰਬਰ ਕਹਿਣਾ ਇਕ ਨਿਰਮੂਲ ਅਤੇ ਵਿਅਰਥ ਮਨ- ਘੜਤ ਹੈ । ਨਿਰੰਕਾਰੀ ਅਤੇ ਨਾਮਧਾਰੀ ਮਹਾਂ-ਪੁਰਖ ਆਪਣੇ ਆਪ ਨੂੰ ਦਸੋ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਸ਼ਰਧਾਲੂ ਮੰਨਦੇ ਆ ਰਹੇ ਹਨ ਅਤੇ ਇਹਨਾਂ ਦੀ ਪੂਜਾ ਪ੍ਰਤਿਸ਼ਟਾ ਕਰਦੇ ਹਨ । ਇਹਨਾਂ ਨੂੰ ਇਨ੍ਹਾਂ ਦੀ ਭਾਵਨਾ, ਇੱਛਾ, ਵਿਚਾਰ ਅਤੇ ਪ੍ਰਚਾਰ ਦੇ ਵਿਰੁਧ ਕੁਝ ਹੋਰ ਕਹਿਣਾ ਜਾਂ ਬਣਾਉਣਾ ਉਹਨਾਂ ਨੂੰ ਗਲਤ ਤੌਰ ਤੇ ਪੇਸ਼ ਕਰਨਾ ਹੈ, ਜੋ ਉਹਨਾਂ ਨਾਲ ਬੇਇਨਸਾਫ਼ੀ ਕਰਨਾ ਹੈ, ਅਤੇ ਇਹ ਕੁਝ ਕਰਨਾ ਕਿਸੇ ਖੋਜੀ ਨੂੰ ਸ਼ੋਭਦਾ ਨਹੀਂ ।

ਇਹਨਾਂ ਤੋਂ ਬਾਅਦ ਨਿਰਮਾਣ ਸਾਹਿਬ ਨੇ ਬਾਬਾ ਕਾਹਨ ਸਿੰਘ ਜੀ ਦਾ ਨਾਉਂ ਪੈਗੰਬਰਾਂ ਦੀ ਲੜੀ ਵਿਚ ਦਿਤਾ ਹੈ । ਇਹਨਾਂ ਮਹਾਂਪੁਰਖਾਂ ਦਾ ਨਾਉਂ ਬੜਾ ਹੀ ਘੱਟ ਕਿਧਰੇ ਪੜ੍ਹਨ ਸੁਣਨ ਵਿਚ ਆਇਆ ਹੈ । ਇਹ ਉਹ ਸਜਨ ਤਾਂ ਹਨ ਨਹੀਂ ਜੋ ਬਾਬਾ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਦੇ ਤਿੰਨ ਉਘੇ ਪੈਰੋਕਾਰਾਂ ਵਿਚੋਂ ਸਨ । ਸਗੋਂ ਇਹ ਉਹੀ ਹਨ ਜੋ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚ ਗਰੰਥੀ ਹੁੰਦੇ ਸਨ ਅਤੇ ਜਿਹਨਾਂ ਸਬੰਧੀ ਸਰਦਾਰ ਕਾਹਨ ਸਿੰਘ ਨਿਰੰਕਾਰੀ ਚੰਡੀਗੜ੍ਹ ਵਾਲਿਆਂ ਨੇ ਅਖਬਾਰ ਅਜੀਤ, ਜਲੰਧਰ, ਦੇ ਚਾਰ ਜੂਨ ੧੯੭੮ ਦੇ ਪਰਚੇ ਵਿਚ ਆਪਣੇ ਲੇਖ (ਲੜੀ ੪) ਵਿਚ ਵਾਕਫ਼ੀ ਦਿਤੀ ਹੋਈ ਹੈ ਅਤੇ ਉਹਨਾਂ ਸਬੰਧੀ ਪ੍ਰਚਲਤ ਕੀਤੀਆਂ ਗਈਆਂ ਕੁਝ ਗਲਤ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਹੈ । ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪੈਗੰਬਰ ਕਹਿਣਾ ਉਸੇ ਤਰ੍ਹਾਂ ਦਾ ਇਕ ਭਿਆਨਕ ਅਨਰਥ ਹੈ ਜਿਵੇਂ ਕਿ ਉਸੇ ਨਿਰੰਕਾਰੀ ਦਰਬਾਰ ਦੇ ਇਕ ਸ਼ਰਾਬੀ ਕਬਾਬੀ ਰਾਗੀ ਭਾਈ ਬੂਟਾ ਸਿੰਘ ਨੂੰ ਇਕ ਹੋਰ ਪੈਗੰਬਰ ਕਹਿਣਾ, ਜਿਸ ਨੂੰ ਕਿ ਇਕ ਵਾਰੀ ਸ਼ਰਾਬ ਵਿਚ ਗੁਟ ਹੋ ਕੇ ਆਏ ਕੀਰਤਨ ਕਰਦੇ ਨੂੰ ਸੰਗਤ ਦੇ ਕਹਿਣ ਤੇ ਰਾਵਲਪਿੰਡੀ ਦਰ-ਬਾਰ ਵਿਚੋਂ ਉਠਾ ਕੇ ਬਾਬਾ ਗੁਰਦਿਤ ਸਿੰਘ ਜੀ ਨਿਰੰਕਾਰੀ ਦੇ ਹੁਕਮ ਨਾਲ ਜੋੜਿਆਂ ਵਿਚ ਖੜ੍ਹਾ ਕੀਤਾ ਗਿਆ ਸੀ ਅਤੇ ਇਸ ਸ਼ਰਮ ਦੇ ਮਾਰੇ ਉਸ ਨੇ ਮੁੜ ਨਿਰੰਕਾਰੀ ਦਰਬਾਰ ਵਿਚ ਮੂੰਹ ਵਿਖਾਉਣ ਦੀ ਹਿੰਮਤ ਨਹੀਂ ਸੀ ਕੀਤੀ । ਇਸ ਤਰ੍ਹਾਂ ਛੇਕੇ ਹੋਏ ਭਾਈ ਬੂਟਾ ਸਿੰਘ ਦਾ ਬਾਬਾ ਦਿਆਲ ਜੀ ਦੀ ਨਿਰੰ-ਕਾਰੀ ਲਹਿਰ ਨਾਲੋਂ ਸਬੰਧ ਸਦਾ ਲਈ ਟੁੱਟ ਗਿਆ । ਹਰਚਰਨ ਸਿੰਘ ਨਿਰਮਾਣ ਦੀ ਖੋਜ ਅਨੁਸਾਰ ਭਾਈ ਬੂਟਾ ਸਿੰਘ ਤੋਂ ਬਾਅਦ ਅਗਲਾ ਪੈਗੰਬਰ ਅਵਤਾਰ ਸਿੰਘ ਹੋਇਆ ਹੈ । ਨਿਜੀ ਤੌਰ ਤੇ ਉਨ੍ਹਾਂ ਨੂੰ ਜਾਨਣ ਵਾਲੇ ਕਹਿੰਦੇ ਹਨ ਕਿ ਭਾਈ ਅਵਤਾਰ ਸਿੰਘ ਵੀ ਭਾਈ ਬੂਟਾ ਸਿੰਘ ਜੀ ਦੀ ਤਰ੍ਹਾਂ ਹੀ ਸ਼ਰਾਬੀ ਕਬਾਬੀ ਸੀ, ਜੋ ਆਪਣੀ ਸਰੀਰਕ ਹਵਸ ਪਰ ਕਾਬੂ ਨ ਰਖ ਸਕਣ ਕਰਕੇ ਸੁਜ਼ਾਕ ਵਰਗੇ ਭੈੜੇ ਰੋਗ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਸੇ ਰੋਗ ਨਾਲ ਹੀ ਉਸ ਦਾ ਦੇਹਾਂਤ ਹੋਇਆ ਸੀ । ਇਹ ਭਾਈ ਬੂਟਾ ਸਿੰਘ ਜੀ ਦਾ ਹਮ-ਖਿਆਲ ਸੀ ਅਤੇ ਇਹਨਾਂ ਨੇ ਰਲ ਕੇ ਨਿਰੰ-ਕਾਰੀ ਮੱਤ ਦੇ ਨਾਉਂ ਹੇਠਾਂ ਆਪਣੇ ਹਮ-ਖ਼ਿਆਲ ਲੋਕਾਂ ਨੂੰ ਨਾਲ ਰਲਾ ਕੇ ਇਹ ਮੰਡਲ ਬਣਾ ਲਿਆ, ਜਿਸ ਵਿਚ ਹਰ ਪਰਕਾਰ ਦੀ ਮਾਨਸਕ ਅਤੇ ਸ੍ਰੀਰਕ ਖੁਲ੍ਹ ਦਾ ਪਰਚਾਰ ਕੀਤਾ ਜਾਂਦਾ ਸੀ । ਮਲੂਮ ਕੁਝ ਇਉਂ ਹੁੰਦਾ ਹੈ ਕਿ ਪਿਸ਼ਾਵਰ, ਰਾਵਲਪਿੰਡੀ ਅਤੇ ਪੋਠੋਹਾਰ ਦੇ ਇਲਾਕਿਆਂ ਦੀ ਧਾਰਮਕ ਖਿਆਲਾਂ ਦੀ ਆਮ ਸਿਖ ਜਨਤਾ ਵਿਚ ਨਿਰੰਕਾਰੀ ਮੱਤ ਦੀ ਹਰ-ਮਨ-ਪਿਆਰੀ ਮਸ਼ਹੂਰੀ ਦਾ ਫ਼ਾਇਦਾ ਉਠਾ ਕੇ ਉਹਨਾਂ ਨੂੰ ਆਪਣੇ ਪਿਛੇ ਲਾਉਣ ਲਈ



www.AKJ.Org

ਭਾਈ ਬੂਟਾ ਸਿੰਘ ਨੇ ਨਿਰੰਕਾਰੀ ਨਾਉਂ ਆਪਣੇ ਨਾਲ ਜੋੜ ਲਿਆ ।

ਭਾਰਤ ਦੀ ਕਿਸੇ ਪੁਰਾਣੀ ਸੰਸਥਾ ਨਾਲ ਉਹਨਾਂ ਦਾ ਪਿਛਲਾ ਕੋਈ ਬਹੁਤਾ ਸਿਧਾ ਲਗਾਉ ਨਹੀਂ ਸੀ। ਉਨ੍ਹਾਂ ਵਿਚੋਂ ਬਹੁਤੇ ਲੋਕ ਧਾਰਮਕ ਬਿਰਤੀ ਵਾਲੇ ਸਨ ਅਤੇ ਸਹਾਰੇ ਦੀ ਲੋੜ ਵਿਚ ਸਨ। ਨਿਰੰਕਾਰੀ ਨਾਉਂ ਦੀ ਸੰਸਥਾ ਉਹਨਾਂ ਦੇ ਆਪਣੇ ਇਲਾਕੇ ਰਾਵਲਪਿੰਡੀ ਦੀ ਹੀ ਸੀ । ਪਰ ਰਾਵਲਪਿੰਡੀ ਨਿਰੰਕਾਰੀ ਦਰਬਾਰ ਉਖੜ ਕੇ ਅਜੇ ਚੰਗੀ ਤਰ੍ਹਾਂ ਅੰਮ੍ਰਿਤਸਰ ਸਥਾਪਤ ਨਹੀਂ ਸੀ ਹੋ ਸਕਿਆ । ਇਸ ਵੇਲੇ ਭਾਈ ਅਵਤਾਰ ਸਿੰਘ ਨੂੰ ਇਹ ਚੰਗਾ ਮੌਕਾ ਮਿਲ ਗਿਆ । ਉਹਨਾਂ ਨੇ ਆਪਣਾ ਪਰਚਾਰ ਦਿਲੀ ਵਿਚ ਬੜੇ ਜ਼ੋਰਾਂ ਨਾਲ ਅਰੰਭ ਦਿਤਾ ਅਤੇ ਉਖੜ ਕੇ ਆਏ ਲੋਕ ਸਹਾਇਤਾ ਅਤੇ ਟਿਕਾਣੇ ਦੀ ਇਛਾ ਨਾਲ ਇਹਨਾਂ ਵਲ ਖਿੱਚੇ ਚਲੇ ਗਏ । ਇਸ ਤਰ੍ਹਾਂ ਨਿਰੰਕਾਰੀ ਨਾਉਂ ਦਾ ਲਾਭ ਇਨ੍ਹਾਂ ਨੂੰ ਮਿਲ ਗਿਆ । ਭਾਵੇਂ ਅਸਲ ਵਿਚ ਨਿਰੰਕਾਰੀ ਦਰਬਾਰ ਵਲੋਂ ਛੇਕੇ ਹੋਏ ਅਤੇ ਉਹਨਾਂ ਨੂੰ ਉਕਾ ਹੀ ਛਡ ਬੈਠੇ ਹੋਣ ਕਰਕੇ ਭਾਈ ਬੂਟਾ ਸਿੰਘ ਅਤੇ ਉਹਨਾਂ ਦੇ ਸੰਗੀ ਭਾਈ ਅਵਤਾਰ ਸਿੰਘ ਨੂੰ ਈਮਾਨਦਾਰੀ ਤੌਰ ਤੇ ਇਸ ਨਾਉਂ ਨੂੰ ਵਰਤਣ ਦਾ ਉੱਕਾ ਹੀ ਕੋਈ ਹੱਕ ਨਹੀਂ ਸੀ। ਉਹ ਨਾ ਤਾਂ ਬਾਬਾ ਸ੍ਰੀ ਦਿਆਲ ਜੀ ਨਿਰੰਕਾਰੀ ਦੀ ਧਾਰਮਕ ਡਿਸਿਪਲਨ ਅਤੇ ਕੇਵਲ ਇਕ ਨਿਰਾਕਾਰ ਨਿਰੰਕਾਰ ਨੂੰ ਹੀ ਪੂਜਨੀਕ ਪ੍ਰਵਾਨ ਕਰਦੇ ਸਨ ਅਤੇ ਨਾ ਹੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਗੁਰਿਆਈ ਅਤੇ ਸਿਖਿਆ ਨੂੰ ਆਪਣਾ ਜੀਵਨ-ਅਧਾਰ ਮੰਨਦੇ ਸਨ ਅਤੇ ਨਾ ਹੀ ਉਹਨਾਂ ਦੇ ਉਪਦੇਸ਼ "ਜੋ ਦੇਹਧਾਰੀ ਖਵਾਰ" ਨੂੰ ਮੰਨਦੇ ਸਨ। ਦੂਸਰੇ ਪਾਸੇ ਭਾਈ ਅਵਤਾਰ ਸਿੰਘ ਆਪਣੇ ਆਪ ਨੂੰ ਹੀ ਰੱਬ ਅਤੇ ਹਜ਼ਰਤ ਮੂਸਾ, ਈਸਾ, ਰਾਮ, ਕ੍ਰਿਸ਼ਨ, ਹਜ਼ਰਤ ਮੁਹੰਮਦ ਅਤੇ ਗੁਰੂ ਨਾਨਕ ਆਦਿ ਸਭ ਤੋਂ ਵਡੇ ਉਚੇ ਪੈਗੰਬਰ ਭੀ ਆਪਣੇ ਆਪ ਨੂੰ ਕਹਿੰਦੇ ਸਨ । ਭਾਈ ਅਵਤਾਰ ਸਿੰਘ ਦੇ ਕਥਨ ਅਨੁਸਾਰ ਮਨੁਖ ਦੇ ਸਰੀਰਕ ਅਤੇ ਮਾਨਸਕ ਭੋਗ, ਕਾਰ ਵਿਹਾਰ, ਖਾਣ ਪੀਣ ਪਰ ਕੋਈ ਧਾਰਮਕ ਜਾਂ ਭਾਈਚਾਰਕ ਪਾਬੰਦੀ ਨਹੀਂ ਹੈ । ਹਰ ਬੰਦੇ ਇਸਤ੍ਰੀ ਪੁਰਖ ਨੂੰ ਪੂਰੀ ਪੂਰੀ ਖੁਲ੍ਹ ਹੈ ਕਿ ਉਹ ਜੋ ਜੀ ਚਾਹੇ, ਕਰੇ । ਇਸੇ ਹੀ ਕਿਸਮ ਦੀ ਸਿਖਿਆ ਭਾਈ ਅਵਤਾਰ ਸਿੰਘ ਤੋਂ ਬਾਅਦ ਉਹਨਾਂ ਦੇ ਉਤਰਾਧਿਕਾਰੀ ਪੁੱਤਰ ਭਾਈ ਗੁਰਬਚਨ ਸਿੰਘ ਅੱਜ ਕਲ੍ਹ ਦੇ ਰਹੇ ਹਨ ਅਤੇ ਪੁਰਾਣੇ 'ਨਿਰੰਕਾਰੀ' ਨਾਉਂ ਨੂੰ ਵਰਤਦੇ ਅਤੇ ਆਪਣੇ ਆਪ ਨੂੰ ਨਿਰੰਕਾਰੀ ਬਾਬਾ ਲਿਖਦੇ ਅਤੇ ਕਹਾਉਂਦੇ ਹਨ, ਭਾਵੇਂ ਨਾ ਹੀ ਇਹ ਪੁਰਾਣੇ ਨਿਰੰਕਾਰੀ ਮੱਤ ਦੇ ਉਪਦੇਸ਼ਾਂ ਨੂੰ ਮੰਨਦੇ ਪ੍ਰਚਾਰਦੇ ਹਨ ਅਤੇ ਨਾ ਹੀ ਉਹਨਾਂ ਦੇ ਧਾਰਮਕ ਅਤੇ ਭਾਈਚਾਰਕ ਡਿਸਿਪਲਨ ਦੇ ਪਾਬੰਦ ਹਨ । ਇਸ ਲਈ ਇਹਨਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਅਦ ਦੇ ਪੈਗੰਬਰਾਂ ਵਿਚ ਗਿਣਨਾਂ ਇਕ ਬੜਾ ਭਾਰੀ ਭੁਲੇਖਾ ਅਤੇ ਗ਼ਲਤੀ ਹੈ ਅਤੇ ਵਿੰਗੇ ਟੇਡੇ ਢੰਗ ਨਾਲ ਗੁਰੂ ਸਾਹਿਬ ਦਾ ਨਿਰਾਦਰ ਕਰਨ ਵਾਲੀ ਗੱਲ ਬਣ ਜਾਂਦੀ ਹੈ, ਜਿਸ ਤੋਂ ਸੱਚ ਦੇ ਢੂੰਡਾਊ ਹਰ ਇਮਾਨਦਾਰ ਇਸਤ੍ਰੀ ਪੁਰਖ ਨੂੰ ਸੰਕੋਚ ਕਰਨਾ ਅਤੇ ਬਚਣਾ ਚਾਹੀਦਾ ਹੈ ।

ਸੱਚ ਇਹ ਹੈ ਕਿ ਸੰਮਤ ੧੭੬੫ ਬਿਕਰਮੀ, ਸੰਨ ੧੬੯੯ ਈਸਵੀ ਦੀ ਵਿਸਾਖੀ ਨੂੰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਅਤੇ ਫੇਰ ਖ਼ੁਦ ਵੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤਾਂ ਆਪ ਖਾਲਸਾ ਪੰਥ ਸਮੂਹ ਦਾ ਇਕ ਅੰਗ ਬਣ ਗਏ । ਜਦ ਸੰਨ ੧੭੦੮ ਨੂੰ ਨਾਂਦੇੜ (ਦੱਖਣ) ਵਿਚ ਆਪ ਜੀ ਦੇ ਦੇਹਾਂਤ ਦਾ ਸਮਾਂ ਆਇਆ ਤਾਂ ਆਪ ਨੇ ਦੇਹਧਾਰੀ ਗੁਰੂ ਦਾ ਸਿਲ-ਸਿਲਾ ਸਦਾ ਲਈ ਖਤਮ ਕਰ ਦਿਤਾ ਤੇ ਅਗੇ ਲਈ ਸਿਖਾਂ ਨੂੰ ਹੁਕਮ ਕੀਤਾ ਕਿ ਉਹ ਉਹਨਾਂ ਦੀ ਥਾਂ ਗੁਰੂ, ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੰਨਣ ਅਤੇ ਆਪ ਨੇ ਬਾਕਾਇਦਾ ਤੌਰ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਗੁਰਿਆਈ ਅਰਪਣ ਕਰ ਦਿਤੀ ।

ਇਹ ਇਕ ਪਰਮਾਣੀਕ ਇਤਿਹਾਸਕ ਵਾਕਿਆ ਹੈ, ਜਿਸ ਦੀ ਪੁਸ਼ਟੀ ਸਮਕਾਲੀ ਲਿਖਤਾਂ ਅਤੇ ਉਨ੍ਹਾਂ



www.AKJ.Org

ਦੇ ਅਧਾਰ ਪਰ ਉਸਰੀਆਂ ਲਿਖਤਾਂ ਤੋਂ ਹੁੰਦੀ ਹੈ।

ਭਾਈ ਨੰਦ ਲਾਲ ਜੀ ਗੋਯਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਕਵੀ ਅਤੇ ਦਰਬਾਰੀ ਰਹੇ ਸਨ ਅਤੇ ਗੁਰੂ ਸਾਹਿਬ ਦੇ ਦੇਹਾਂਤ ਸਮੇਂ ਬਹਾਦੁਰ ਸ਼ਾਹ ਬਾਦਸ਼ਾਹ ਦੇ ਨਾਲ ਨਾਂਦੇੜ ਵਿਚ ਮੌਜੂਦ ਸਨ। ਆਪ ਰਹਿਤਨਾਮੇ ਵਿਚ ਗੁਰੂ ਸਾਹਿਬ ਵਲੋਂ ਸਿਖਾਂ ਨੂੰ ਹਿਦਾਯਤ ਇਸ ਤਰ੍ਹਾਂ ਲਿਖਦੇ ਹਨ :—ਮੇਰਾ ਰੂਪ ਗਰੰਥ ਜੀ ਜਾਨ।

ਇਸ ਮੇ ਭੇਦ ਨਹੀਂ ਕੁਛ ਮਾਨ।

ਭਾਈ ਚੋਪਾ ਸਿੰਘ ਜੀ ਗੁਰੂ ਦਸਮ ਪਾਤਸ਼ਾਹ ਦੇ ਬਹੁਤ ਹੀ ਨਜ਼ਦੀਕੀ ਅਤੇ ਉਹਨਾਂ ਦੇ ਖਿਡਾਵੇ ਰਹੇ ਸਨ, ਉਹ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ ਕਿ :—

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ
ਚਲਾਇਉ ਪੰਥ। ਸਭ ਸਿਖਨ ਕੋ ਬਚਨ
ਇਹ ਗੁਰੂ ਮਾਨੀਓ ਗਰੰਥ।

ਗੁਰਬਿਲਾਸ ਪਾਤਸ਼ਾਹੀ ਦਸ (ਸੰਨ ੧੭੫੧ ਈ:) ਵਿਚ ਭਾਈ ਕੋਇਰ ਸਿੰਘ ਜੀ ਸਤਿਗੁਰੂ ਜੀ ਦਾ ਅੰਤ ਸਮੇਂ ਦਾ ਸਿਖਾਂ ਲਈ ਹੁਕਮ ਦਸਦੇ ਹੋਏ ਲਿਖਦੇ ਹਨ ਕਿ :—ਤਾਂ ਤੇ ਜੋ ਗੁਰਸਿਖ ਸੁਜਾਨਾ।

ਮਾਨੇ ਗੁਰੂ ਗਰੰਥ ਭਗਵਾਨਾ।

ਇਸ ਤੋਂ ਬਾਅਦ ਗੁਰੂ ਜੀ ਨੇ ਬਾਕਾਇਦਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਅਗੇ ਪੰਜ ਪੈਸੇ ਅਤੇ ਨਰੇਲ ਰਖ ਕੇ ਮੱਥਾ ਟੇਕ ਦਿਤਾ ਅਤੇ ਗੁਰੂ ਗਰੰਥ ਸਾਹਿਬ ਨੂੰ ਗੁਰਿਆਈ ਦੇ ਦਿਤੀ।

ਸੰਨ ੧੭੭੯ ਵਿਚ ਸੰਪੂਰਨ ਕੀਤੇ ਗਰੰਥ ਬੰਸਾਵਾਲੀ ਨਾਮਾ ਵਿਚ ਭਾਈ ਕੇਸਰ ਸਿੰਘ, ਜਿਨ੍ਹਾਂ ਦੇ ਬਜ਼ੁਰਗ ਦਸਮ ਗੁਰੂ ਸਾਹਿਬ ਦੇ ਘਰ ਦੇ ਕਾਰੋਬਾਰੀ ਰਹੇ ਹਨ, ਦਸਦੇ ਹਨ ਕਿ ਅੰਤ ਸਮੇਂ—

ਸਿਖਾਂ ਹਥ ਜੋੜਿ ਕਰਿ ਬੇਨਤੀ ਪੁਛਾਈ,
ਗਰੀਬ ਨਿਵਾਜ਼ ਸਿਖ ਸੰਗਤ ਹੈ ਤੇਰੀ
ਇਸਦਾ ਕੀ ਹਵਾਲ,
ਬਚਨ ਕੀਤਾ ਗਰੰਥ ਹੈ ਗੁਰੂ ਲੜ ਪਕੜੋ
ਅਕਾਲ ॥੧੫੦॥

ਸ੍ਰੀ ਗੁਰੂ ਅਮਰਦਾਸ ਜੀ ਦੀ ਬੰਸ ਵਿਚ ਹੋਏ ਬਾਬਾ ਸਰੂਪ ਦਾਸ ਜੀ ਭਲਾ ਨੇ ੧੮੦੦ ਈਸਵੀ ਵਿਚ ਸਮਾਪਤ ਕੀਤੀ ਪੁਸਤਕ ਮਹਿਮਾ ਪ੍ਰਕਾਸ਼, ਭਾਗ ਦੂਜਾ, ਵਿਚ ਲਿਖਿਆ ਹੈ :—

ਸਤਿਗੁਰ ਦੀਨ ਦਿਆਲ ਬਚਨ ਕੀਆ,
ਜੋ ਦਸ ਸਰੂਪ ਹਮਾਰੇ ਪੂਰਨ ਭਏ।
ਅਬ ਮੇਰੀ ਜਾਹਗਾ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ।
ਸਿਸਕਾਰ ਗੁਰੂ ਜੀ ਕੇ ਸਰੀਰ ਕਾ ਕੀਆ।
ਸ੍ਰੀ ਗੁਰੂ ਜੀ ਸਾਹਿਬ ਕੀ ਜਾਗਾ
ਗੁਰੂ ਗਰੰਥ ਜੀ ਕੋ ਜਾਨਾ।

'ਬਿਆਨਿ ਖ਼ਾਨਦਾਨਿ ਕਰਾਮਾਤ ਨਿਸ਼ਾਨਿ ਬੇਦੀਆਂ' (ਮਈ ੧੮੬੫)ਵਿਚ ਉਨੇ ਦੇ ਬੇਦੀ ਸਾਹਿਬਾਨ ਦੇ ਵਕੀਲ ਮੁਨਸ਼ੀ ਸੰਤ ਸਿੰਘ ਜੀ ਦਸਦੇ ਹਨ :

ਪਾਤਸ਼ਾਹੀ ਯਾਰਮੀ (੧੧) ਗੁਰੂ ਗ੍ਰੰਥ ਸਾਹਿਬ

ਫਿਰ ਇਸ ਖਿਆਲ ਸੇ ਕਿ ਕਿਸੀ ਜਗਾ ਤਅਈਨ ਇਨ ਸਭ ਸੇਵਕਾਨ ਕਾ ਕਾਇਮ ਹੋਣਾ ਚਾਹੀਏ ਇਸ ਵਾਸਤੇ ਗੁਰੂ ਸਾਹਿਬ ਨੇ ਪਾਂਚ ਪੈਸੇ ਏਕ ਨਾਰੀਅਲ, ਜੋ ਸ਼ਗੂਨ ਗੁਰਿਆਈ ਕਾ ਥਾ, ਅਪਨੇ ਹਾਥ ਮੇਂ ਲੇਕਰ ਗੁਰੂ ਗਰੰਥ ਸਾਹਿਬ ਆਗੇ **ਮਥਾ** ਟੇਕ ਦੀਆ ਔਰ ਕਹਾ ਕਿ ਤੁਮ ਸਬ ਪੰਥ **ਹਮਾਰੇ** ਬਾਅਦ ਗੁਰੂ ਗਰੰਥ ਸਾਹਿਬ ਕੋ ਗੁਰੂ ਸਮਝੋ ਔਰ ਅਹਿਕਮਾਤ ਮੁੰਦਰਜਾ ਕੀ ਤਾਮੀਲ ਕਰੋ।

ਨਾਮਧਾਰੀ ਲਹਿਰ ਦੇ ਮਹਾਂ ਪੁਰਖ ਸ੍ਰੀ ਬਾਬਾ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ(ਸੰਪਾਦਿਕ ਸੰਤ ਟਹਿਲ ਸਿੰਘ) ਵਿਚ ਲਿਖਦੇ ਹਨ :—

(ਪੰਨਾ ੧੭-੧੮) ਗੁਰੂ ਗਰੰਥ ਸਾਹਿਬ ਗੁਰੂ ਹੈ। ਸੋ ਸ਼ਬਦ ਗੁਰੂ ਜਿਥੇ ਕੋਈ ਮੰਨੂ ਉਧਾ ਉਥੇ ਹੀ ਭਲਾ ਹੋ ਜਾਊਗਾ, ਸਤਿ ਮੰਨਣੀ ਇਹ ਬਾਤ ਹੈ।

(ਪੰਨਾ ੫੨) ਤੁਸੀਂ ਗੁਰੂ ਜੀ ਦੇ ਬਚਨਾਂ ਵਲ ਧਿਆਨ ਕਰਨਾ, ਗਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪ੍ਰਤੱਖ ਹੈ ॥੫੭॥

(ਪੰਨਾ ੫੪) ਹੋਰ ਭਾਈ ਦਸਾਂ ਪਾਤਸ਼ਾਹੀਅ



www.AKJ.Org

ਤੇ ਪਿਛੇ ਗੁਰੂਤਾ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ ਹੋਰ ਕੋਈ ਗੁਰੂ ਨਹੀਂ ॥੫੫॥

ਇਹ ਕੁਝ ਕੁ ਥੋੜੇ ਜਿਹੇ ਹਵਾਲੇ ਸੰਖੇਪ ਕਰਕੇ ਸਿਖ ਇਤਿਹਾਸ ਸਬੰਧੀ ਪੁਸਤਕਾਂ ਲਿਖਤਾਂ ਵਿਚੋਂ ਦਿਤੇ ਹਨ। ਇਸ ਤੋਂ ਬਿਨਾਂ ਗਿਆਨੀ ਗਿਆਨ ਸਿੰਘ ਲਿਖਿਤ ਤਵਾਰੀਖ ਗੁਰੂ ਖਾਲਸਾ, ਅਨੇਕਾਂ ਗੁਰ ਪ੍ਰਣਾਲੀਆਂ ਅਤੇ ਹੋਰ ਇਤਿਹਾਸਕ ਅਤੇ ਧਾਰਮਕ ਗਰੰਥਾਂ ਵਿਚੋਂ ਪੇਸ਼ ਕੀਤੇ ਜਾ ਸਕਦੇ ਹਨ।

ਫ਼ਾਰਸੀ ਦੀਆਂ ਇਤਿਹਾਸਕ ਪੁਸਤਕਾਂ ਵਿਚ ਭੀ ਥਾਂ-ਪਰ-ਥਾਂ ਇਹ ਲਿਖਿਆ ਮਿਲਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਨਾਲ ਸਿਖਾਂ ਵਿਚ ਦੇਹਧਾਰੀ ਗੁਰੂ ਦਾ ਸਿਲ-ਸਿਲਾ ਸਮਾਪਤ ਹੋ ਗਿਆ ਅਤੇ ਅਗੇ ਨੂੰ ਸਦਾ ਲਈ ਦਸਮ ਪਾਤਸ਼ਾਹ ਨੇ ਗੁਰਿਆਈ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਦੇ ਦਿਤੀ। ਇਨ੍ਹਾਂ ਵਿਚੋਂ ਕੇਵਲ ਤਿੰਨ ਹਵਾਲੇ ਦਿਤੇ ਜਾਂਦੇ ਹਨ--

ਅਠਾਰ੍ਹਵੀਂ ਸਦੀ ਦੇ ਦੂਸਰੇ ਅੱਧ ਅਤੇ ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਦਾ ਪ੍ਰਸਿਧ ਇਤਿਹਾਸ-ਕਾਰ ਮੁਹੰਮਦ ਅਲੀ ਖ਼ਾਨ ਅਨਸਾਰੀ ਆਪਣੀ ਲਿਖਤੀ ਪੁਸਤਕ ਤਾਰੀਖਿ ਬਹਿਰੁਲ ਮਵਾਜ ਹਿੱਸਾ ਅਵਲ ਅਤੇ ਤਾਰੀਖਿ ਮੁਜ਼ੱਫਰੀ (੧੮੧੦ ਈ:) ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੇ ਹਾਲ ਤੋਂ ਬਾਅਦ ਲਿਖਦਾ ਹੈ ਕਿ :--

ਵਾ ਬਾਅਦ ਅਜ਼ ਓ ਬਇਤਕਾਦਿ ਈ ਜਮਾਅ ਇਤਲਾਕਿ ਗੁਰੂ ਵਾ ਕਰਾਮਾਤਿ ਬਾਤਨੀ ਬਰ-ਖ਼ਾਸਤ ਵਾ ਗਿਰੰਥ ਮਜ਼ਕੂਰ ਬਜਾਇ ਗੁਰੂ ਮੁਕੱਰਰ ਸ਼ੁਦਾਹ (ਸਫ਼ਾ ੨੦੮)

ਮੁਨਸ਼ੀ ਸੋਹਣ ਲਾਲ ਸੂਰੀ, ਜਿਸ ਨੇ ਆਪਣੀ ਪੁਸਤਕ ਉਮਦਾਤੁ ਤਵਾਰੀਖ਼, ਦਫ਼ਤਰ ਅਵਲ (ਸੰਨ ੧੮੪੯ ਈ:) ਦਾ ਮੂਲ ਮਸਾਲਾ ਆਪਣੇ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਹੋਏ ਬਜ਼ੁਰਗਾਂ ਪਾਸੋਂ ਲਿਆ ਸੀ, ਲਿਖਦਾ ਹੈ ਕਿ ਆਪਣੇ ਅੰਤ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਫ਼ਰਮਾਇਆ ਸੀ ਕਿ--

ਗੁਰੂ ਗਰੰਥ ਜੀ ਅਸਤ, ਦਰਮਿਆਨਿ ਗਰੰਥ ਵਾ ਗੁਰੂ ਹੀਚ ਫ਼ਰਕੇ ਨੀਸਤ । ਅਜ਼ ਦੀਦਾਰਿ ਗਰੰਥ ਜੀ, ਮੁਸ਼ਾਹਿਦਾ ਇ ਦੀਦਾਰਿ ਫ਼ਰਹਤ ਆਸਾਰਿ ਗੁਰੂ ਸਾਹਿਬ ਬ ਇਦ ਨਮੂਦ ।

(ਸਫ਼ਾ ੬੪-੬੫)

ਇਸੇ ਤਰ੍ਹਾਂ ਗੁਲਾਮ ਮੁਹੱਈ-ਉ-ਦੀਨ ਲੁਧਿ-ਆਣਵੀ ਅਲਵੀ ਕਾਦਿਰੀ ਪ੍ਰਸਿਧ ਬੂਟੇ ਸ਼ਾਹ, ਤਵਾਰੀਖਿ ਪੰਜਾਬ (੧੮੪੮) ਦੇ ਪੰਨਾ ੧੩੩ ਪਰ ਲਿਖਦਾ ਹੈ ਕਿ :--

ਫ਼ਰਮੂਦੰਦ ਕਿ ਗੁਰੂ ਗਰੰਥ ਜੀ ਅਸਤ ਵਾ ਦਰ ਗਰੰਥ ਊ ਗੁਰੂ ਤਫ਼ਾਵਤ ਨੀਸਤ ।

ਜੋਨ ਮੈਲਕਮ, ਵਿਲੀਅਮ ਔਸਬਰਨ, ਮੈਗ-ਰੈਗਰ, ਕਨਿੰਘਮ, ਮੈਕਾਲਿਫ ਆਦਿ ਅੰਗਰੇਜ਼ੀ ਇਤਿਹਾਸਕਾਰਾਂ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ ਕਿ ਦਸਮ ਪਾਤਸ਼ਾਹ ਨੇ ਕਿਸੇ ਮਨੁਖ ਨੂੰ ਗੁਰੂ ਟਿਕਾ ਨਹੀਂ ਮਿਥਿਆ। ਉਨ੍ਹੀਵੀਂ ਸਦੀ ਦੇ ਅੰਤ ਦੇ ਪ੍ਰਸਿਧ ਇਤਿਹਾਸਕਾਰ ਸਯਦ ਮੁਹੰਮਦ ਲਤੀਫ਼ ਨੇ ਆਪਣੀ ਸੰਨ ੧੮੯੧ ਵਿਚ ਪ੍ਰਕਾਸ਼ਤ ਹੋਈ "ਹਿਸਟਰੀ ਔਫ ਦੀ ਪੰਜਾਬ" ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਤਲੇ ਵੇਲੇ ਸਿਖਾਂ ਨੂੰ ਗੁਰੂ ਗਰੰਥ ਸਾਹਿਬ ਦੀ ਪੂਜਾ ਪ੍ਰਤਿਸ਼ਠਾ ਦੀ ਹਦਾਇਤ ਕੀਤੇ ਹੋਣ ਦੇ ਜ਼ਿਕਰ ਤੋਂ ਬਾਅਦ ਸਿਖਾਂ ਨੂੰ ਇਸ ਦੇ ਨਾਲ ਹੀ ਚੋਕਸ ਰਹਿਣ ਲਈ ਦਿਤੀ ਗਈ ਸਮਝੌਤੀ (ਵਾਰਨਿੰਗ) ਭੀ ਦਿਤੀ, ੨੬੯ ਪੰਨੇ ਪਰ ਲਿਖਦਾ ਹੈ ਕਿ :—

The Guru also gave them Sundry warnings, telling them that there were imposters in the world who would try to dissuace them from the right path but that his disciples should be on their guard against them and give no ear to what they say. They



www.AKJ.Org

must have firm belief One God and look on the Granth as His inspired law.

ਅਰਥਾਤ, ਗੁਰੂ ਸਾਹਿਬ ਨੇ ਉਹਨਾਂ ਨੂੰ ਚੌਕਸ ਰਹਿਣ ਲਈ ਕੁਝ ਸਮਝੌਤੀਆਂ ਭੀ ਦਿਤੀਆਂ ਅਤੇ ਉਹਨਾਂ ਨੂੰ ਕਿਹਾ ਕਿ ਦੁਨੀਆਂ ਵਿਚ ਛਲੀਏ ਪਾਖੰਡੀ ਭੀ ਹਨ, ਜੋ ਉਹਨਾਂ ਨੂੰ ਸਿਧੇ ਰਸਤੇ ਤੋਂ ਕੁਰਾਹੇ ਪਾਉਣ ਦਾ ਯਤਨ ਕਰਨਗੇ, ਪਰ ਗੁਰੂ ਦੇ ਸਿਖਾਂ ਨੂੰ ਇਹਨਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਕੁਝ ਵੀ ਉਹ ਕਹਿਣ, ਉਸ ਵਲ ਕੰਨ ਨਹੀਂ ਕਰਨਾ ਚਾਹੀਦਾ। ਉਹ ਇਕ ਉਅੰਕਾਰ ਵਾਹਿਗੁਰੂ ਪਰ ਪੱਕਾ ਭਰੋਸਾ ਰਖਣ ਅਤੇ ਗੁਰੂ ਗਰੰਥ ਸਾਹਿਬ ਨੂੰ ਵਾਹਿਗੁਰੂ ਦਾ ਧੁਰ ਦਰਗਾਹੋਂ ਆਇਆ ਹੁਕਮ ਪ੍ਰਵਾਨ ਕਰਨ।

ਉਪਰ ਦਿਤੀਆਂ ਇਤਿਹਾਸਕ ਪ੍ਰਮਾਣਾਂ ਤੋਂ ਇਹ ਸਪੱਸ਼ਟ ਸਿਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਾਅਦ ਕਿਸੇ ਭੀ ਦੇਹਧਾਰੀ ਮਨੁੱਖ ਨੂੰ ਆਪਣੀ ਥਾਂ ਗੁਰੂ ਜਾਂ ਪੈਗੰਬਰ ਨਹੀਂ ਸੀ ਥਾਪਿਆ। ਦੇਹਧਾਰੀ ਗੁਰੂ ਦੀ ਪਰੰਪਰਾ ਉਹਨਾਂ ਸਦਾ ਲਈ ਖ਼ਤਮ ਕਰ ਦਿਤੀ ਸੀ ਅਤੇ ਅੱਗੇ ਨੂੰ ਸਦਾ ਲਈ ਗੁਰਿਆਈ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਦੇ ਦਿਤੀ ਸੀ ਅਤੇ ਛਲੀਏ ਪਖੰਡੀਆਂ ਤੋਂ ਬਚ ਕੇ ਰਹਿਣ ਦਾ ਹੁਕਮ ਕੀਤਾ ਸੀ।

ਰੋਜ਼ਾਨਾ 'ਅਜੀਤ' ਜਲੰਧਰ,੨੨-੨੩ ਜੁਲਾਈ ੧੯੭੮ ਵਿਚੋਂ

---

# ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਕੀਰਤਨ ਸਮਾਗਮ

ਇੰਗਲੈਂਡ ਨਿਵਾਸੀ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਤੇ ਅਖੰਡਪਾਠ ਆਦਿ ਗੁਰਮਤਿ ਸਮਾਗਮ ਹੋ ਰਹੇ ਹਨ। ਜੱਥੇ ਦੇ ਸਮੂਹ ਵੀਰ-ਭੈਣਾਂ ਅਤੇ ਸੰਗਤਾਂ ਸਮੇਂ ਸਿਰ ਨੀਯਤ ਪ੍ਰੋਗਰਾਮ ਅਨੁਸਾਰ ਦਰਸ਼ਨ ਦੇ ਕੇ ਲਾਹੇ ਪ੍ਰਾਪਤ ਕਰੋ ਜੀ।

| | |
|---|---|
| ੫-੮-੭੮<br>ਸ਼ਨੀਵਾਰ | ਮੀਟਿੰਗ ਤੇ ਕੀਰਤਨ ਸਮਾਗਮ ੪ ਤੋਂ ੮ ਸ਼ਾਮ<br>ਗੁਰਦਵਾਰਾ ਗੁਰੂ ਰਾਮਦਾਸ ਆਸ਼ਰਮ, ੩੦—ਕਿੰਗ ਐਡਵਰਡਜ਼ ਗਾਰਡਨਜ਼, ਐਕਟਨ,ਲੰਡਨ W5-9RQ<br>ਟੈਲੀਫੋਨ—ਕਰਤਾਰ ਸਿੰਘ ਖ਼ਾਲਸਾ ੦੧-੯੯੨-੦੫੩੭ |
| ੬-੮-੭੮<br>ਐਤਵਾਰ | ਕੀਰਤਨ ਆਸਾ ਦੀ ਵਾਰ ਗੁਰਦਵਾਰਾ ਗੁਰੂ ਨਾਨਕ ਦੇਵ ਜੀ, ੯ ਵਜੇ ਸਵੇਰ ਤੋਂ ੧ ਵਜੇ ਦੁਪਹਿਰ ਤਕ<br>ਹਾਈ ਸਟਰੀਟ, ਸਮੈਥਵਿਕ, ਬਰਮਿੰਘਮ ਟੈਲੀਫੋਨ—ਭਾਈ ਮਨਜੀਤ ਸਿੰਘ ਜੀ ੦੨੧-੪੨੯-੪੭੮੪ |
| ੧੩-੮-੭੮<br>ਐਤਵਾਰ | ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ੧੦ ਵਜੇ ਸਵੇਰ ਤੋਂ ੨ ਵਜੇ ਦੁਪਹਿਰ ਤਕ ਕੀਰਤਨ<br>ਗੁਰਦਵਾਰਾ ਵਿਲਨ ਹਾਲ, 1/A ਫ਼ੀਲਡ ਸਟਰੀਟ, ਵਿਲਨ ਹਾਲ, ਵੈਸਟ ਮਿਡਲੈਂਡ<br>ਟੈਲੀਫੋਨ—ਭਾਈ ਸਰਵਣ ਸਿੰਘ ਜੀ ਬਿਬੇਕੀ ੦੯੦੭-੨੫੨੨੭੦ |
| ੨੦-੮-੭੮<br>ਐਤਵਾਰ | ਭੋਗ ਸਪਤਾਹਕ ਪਾਠ ਤੇ ਅਖੰਡ ਕੀਰਤਨ ੬ ਵਜੇ ਸਵੇਰ ਤੋਂ ੧੨ ਵਜੇ ਦੁਪਹਿਰ<br>ਸਰਦਾਰ ਅਜੀਤ ਸਿੰਘ ਸੇਠੀ, ੨੧੯-ਐਪਾਇਰ ਰੋਡ, ਗ੍ਰੀਨ ਫੋਰਡ (ਮਿਡਲੈਕਸ)<br>ਟੈਲੀਫੋਨ—੦੧-੯੯੭-੦੩੩੭ |
| ੨੬-੮-੭੮<br>ਸ਼ਨੀਵਾਰ | ਰੈਣ ਸਬਾਈ ਕੀਰਤਨ<br>ਗੁਰਦਵਾਰਾ (ਸਿਖ ਟੈਂਪਲ) ਲੀਡਜ਼, ੨੮੧-A, ਚਪੇਲ ਟਾਊਨ ਰੋਡ, ਲੀਡਜ਼-੭<br>ਟੈਲੀਫੋਨ - ੦੫੩੨-੬੨੯-੦੭੩, ਬੀਬੀ ਜੀਤ ਕੌਰ, ਫ਼ੋਨ ੦੫੩੨-੬੨੦੧੪੩ |
| ੧ ਤੋਂ ੩ ਸਤੰਬਰ<br>ਐਤਵਾਰ ਤਕ | ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨ<br>ਗੁਰਦਵਾਰਾ (ਸਿਖ ਟੈਂਪਲ) ੮-ਸਟਰੀਟ ਮਾਰਕਜ਼ ਰੋਡ, ਬਰਿਸਟਲ-੫<br>ਟੈਲੀਫੋਨ—੦੨੭੨ - ੫੫੨੪੪੭, ਭਾਈ ਲਖਿੰਦਰ ਸਿੰਘ ਫੋਨ ੦੨੭੨-੫੫੩੦੯੪ |

ਪੁਛਗਿਛ ਲਈ ਹੋਰ ਟੈਲੀਫੋਨ—

ਭਾਈ ਹਰਿਚਰਨ ਸਿੰਘ ਸਾਊਥ ਹਾਲ ੦੧-੮੪੩-੯੪੩੪, ਭਾਈ ਹਰਿਬਖਸ਼ ਸਿੰਘ ਜੀ ਚੈਥਮ ੦੬੩੪-੪੦੭੫੪੭
ਭਾਈ ਜਗਤਾਰ ਸਿੰਘ ਜੀ ਡਰਬੀ ੦੩੩੨-੪੪੬੪੧, ਜਥੇਦਾਰ ਜੋਗਿੰਦਰ ਸਿੰਘ ਜੀ ਲੈਸਟਰ ੦੫੩੩-੭੬੪੧੭੯
ਭਾਈ ਬੰਤ ਸਿੰਘ ਜੀ ਜਨਰਲ ਸੈਕਟਰੀ, ੧੨-ਹਰਟਿੰਗਟਨ ਰੋਡ, ਲੋਜ਼ਲਜ਼, ਬਰਮਿੰਘਮ-੧੯, ਫ਼ੋਨ ੦੨੧-੫੫੪-੭੨੮੦



www.AKJ.Org

# ਅਖੰਡ ਕੀਰਤਨੀ ਜੱਥੇ ਦੀ ਪ੍ਰਬੰਧਕੀ ਬਣਤਰ

ਗੁਰਸਿਖ ਜਗਤ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂ ਹੈ ਕਿ ਸਤਿਗੁਰੂ ਜੀ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਉਤੇ ਮਹਾਨ ਕਿਰਪਾ ਕਰ ਕੇ, ਉਨ੍ਹਾਂ ਨੂੰ ਨਾਮ ਦੀ ਦਾਤਿ ਬਖਸ਼ੀ ਅਤੇ ਨਾਮ ਦੀ ਅਤੁਟ ਕਮਾਈ ਦੇ ਤੁਫ਼ੈਲ ਉਨ੍ਹਾਂ ਦੇ ਘਟ ਅੰਦਰ ਅਬਚਲੀ ਜੋਤਿ ਦਾ ਪ੍ਰਕਾਸ਼ ਹੋਇਆ। ਵਾਹਿਗੁਰੂ ਨਾਲ ਇਕ-ਸੁਰ ਹੋਈ ਇਸ ਵਿਗਸੀ ਰੂਹ ਦੇ ਆਲੇ ਦੁਆਲੇ ਬਹੁਤ ਸਾਰੇ ਪੂਰਬ ਸੰਜੋਗੀ ਵਡਭਾਗੇ ਗੁਰਸਿਖ ਆ ਜੁੜੇ। ਰਸਿਕ-ਬੈਰਾਗੀ ਗੁਰਸਿਖ ਮਿਲ ਕੇ ਨਾਮ-ਸਿਮਰਨ ਦੇ ਰੰਗ, ਗੁਰਬਾਣੀ ਦੇ ਪਾਠਾਂ ਦੇ ਲਾਹੇ ਅਤੇ ਕੀਰਤਨ ਅਖਾੜਿਆਂ ਵਿਚ ਅੰਮ੍ਰਿਤ-ਰਸ ਦੇ ਅਨੰਦ ਮਾਣਦੇ ਰਹੇ। ਇਸ ਤਰ੍ਹਾਂ ਗੁਰੂ ਪਾਤਸ਼ਾਹ ਦੀ ਮੇਹਰ ਤੇ ਅਗੰਮੀ ਕਲਾ ਸਦਕਾ ਅਖੰਡ ਕੀਰਤਨੀ ਜੱਥਾ ਹੋਂਦ ਵਿਚ ਆਇਆ।

ਰੱਬੀ-ਪਿਆਰ ਵਿਚ ਰਤੜੇ ਇਸ ਜੱਥੇ ਦੀ ਸੋਇ ਦੂਰ ਦੁਰਾਡੇ ਜ਼ਿਲਿਆਂ, ਪ੍ਰਾਂਤਾਂ ਅਤੇ ਦੇਸਾਂ ਵਿਚ ਪੁਜੀ ਅਤੇ ਗੁਰਸਿਖ ਪਰਵਾਰਾਂ ਦੀ ਗਿਣਤੀ ਦਿਨੋ ਦਿਨ ਵਧਦੀ ਗਈ। ਇਨ੍ਹਾਂ ਸਮੂਹ ਗੁਰਸਿਖਾਂ ਦਾ ਮੁਖ ਮੰਤਵ ਕੇਵਲ ਨਾਮ ਜਪਣਾ, ਬਾਣੀ ਪੜ੍ਹਨੀ, ਕੀਰਤਨ ਕਰਨਾ, ਅੰਮ੍ਰਿਤ-ਮਿਚਾਰ ਕਰਨਾ, ਧਰਮ ਦੀ ਕਿਰਤ ਕਰ ਕੇ ਵੰਡ ਛਕਣਾ, ਸੇਵਾ ਅਤੇ ਪਰ-ਉਪਕਾਰ ਕਰਨਾ ਹੈ। ਇਨ੍ਹਾਂ ਗੁਰਸਿਖਾਂ ਦਾ ਪਰਸਪਰ ਪਿਆਰ ਅਤੇ ਸਤਿਕਾਰ ਅਕੱਥ ਹੈ।

ਅਸਨ ਬਸਨ ਧਨ ਧਾਮ ਕਾਹੂ ਮਹਿ ਨ ਦੇਖਿਓ
ਜੈਸੋ ਗੁਰਸਿਖ ਸਾਧ ਸੰਗਤ ਕੋ ਨਾਤਾ ਹੈ।

[ਕਬਿਤ ਸਵੱਯੇ ਭਾ: ਗੁਰਦਾਸ ਜੀ

ਸਰੀਰਕ ਚੋਲਾ ਛਡਣ ਤੋਂ ਪਹਿਲਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਨਿਕਟਵਰਤੀ ਗੁਰਸਿਖਾਂ ਨੂੰ ਇਹ ਸੋਧ ਦਿਤੀ ਸੀ ਕਿ ਅਖੰਡ ਕੀਰਤਨੀ ਜੱਥੇ ਦੀ ਅਗਵਾਈ ਲਈ ਕੋਈ ਗਦੀ ਨਾ ਬਣੇ, ਜੱਥੇ ਦੀ ਅਗਵਾਈ ਪੰਜ ਪਿਆਰਿਆਂ ਦੇ ਹੱਥ ਹੀ ਰਹੇ।

ਇਨ੍ਹਾਂ ਰੱਬੀ ਰੰਗ-ਰਤੜਿਆਂ ਦੀ ਗਿਣਤੀ ਦੇਸਾਂ ਪਰਦੇਸਾਂ ਵਿਚ ਬਹੁਤ ਵਧ ਰਹੀ ਦੇਖ ਕੇ, ਇਨ੍ਹਾਂ ਨੇ ਪੁਰਾਤਨ ਗੁਰਸਿਖੀ ਰਵਾਇਤਾਂ ਅਨੁਸਾਰ ਆਪਣੀ ਜੱਥੇਬੰਦੀ ਦੀ ਇਕ ਰੂਪ-ਰੇਖਾ ਉਲੀਕੀ ਹੈ, ਜਿਸ ਦੇ ਅਧੀਨ ਪੰਜਾਬ ਦੇ ਸਭ ਜ਼ਿਲਿਆਂ, ਭਾਰਤ ਦੇ ਸਭ ਪ੍ਰਾਂਤਾ ਅਤੇ ਬਾਹਰਲੇ ਦੇਸਾਂ ਦੀਆਂ ਸੰਗਤਾਂ ਨੇ ਸਰਬ ਸੰਮਤੀ ਨਾਲ ਆਪਣੇ ਆਪਣੇ ਪ੍ਰਤੀਨਿਧ ਚੁਣ ਕੇ, ਉਨ੍ਹਾਂ ਦੇ ਨਾਂ "ਸੂਰਾ" ਮੈਨੇਜਰ ਨੂੰ ਭੇਜੇ। ਇਨ੍ਹਾਂ ਪ੍ਰਤੀਨਿਧਾਂ ਦੀ ਵਿਸ਼ੇਸ਼ ਮੀਟਿੰਗ ੭-੭-੭੮ ਨੂੰ ਲੁਧਿਆਣੇ ਕੀਰਤਨ ਸਮਾਗਮਾਂ ਸਮੇਂ ਹੋਈ। ਇਹ ਪ੍ਰਤੀਨਿਧ ਜੱਥੇ ਦੀ ਨਵੀਂ ਕਾਰਜ-ਸਾਧਕ ਕਮੇਟੀ ਦੇ ਮੈਂਬਰ ਹਨ।

---

# ਸ੍ਰੀ ਅੰਮ੍ਰਿਤਸਰ ਵਿਚ ਖ਼ੂਨੀ ਸਾਕਾ

[ਵਲੋਂ—ਭਾਈ ਬੰਤਾ ਸਿੰਘ ਜੀ ਸਭਰਵਾਲ, ਸਰੀ ਬੀ.ਸੀ.]

ਗੁਰਧਾਮ ਅਜ਼ਾਦ ਕਰਾਏ,ਹੋਇਆ ਨਹੀਂ ਸਮਾਂ ਚਿਰਾਕਾ
ਭੁਲਿਆ ਨਹੀਂ ਸੀ ਨਨਕਾਣੇ ਦਾ ਹਾਲੀ ਖ਼ੂਨੀ ਸਾਕਾ।
ਇਕ ਫਿਰ ਨਰੈਣੂ ਜੰਮ ਪਿਆ ਗੁਰਬਚਨ ਪਖੰਡੀ,
ਗੁਰੂ ਗਰੰਥ ਦੀ ਕਰ ਰਿਹਾ ਸੀ ਥਾਂ ਥਾਂ ਭੰਡੀ।
ਉਹਦਾ ਪ੍ਰਚਾਰ ਕਰਨ ਦਾ ਢੰਗ ਵੀ ਹੈ ਬੜਾ ਨਿਰਾਲਾ;
ਜਿਵੇਂ ਗੱਧੇ ਨੂੰ ਚਾਰਨ ਲਗ ਪਵੇ ਕੋਈ ਗਰਮ ਮਸਾਲਾ।
ਕਹਿੰਦਾ ਨਸ਼ੇ ਤਮਾਕੂ ਵਰਤਣੇ,ਕੋਈ ਕੰਮ ਨਹੀਂ ਮਾੜਾ।
ਗਊ ਸੂਰ ਸਭ ਛੱਕ ਜਾਉ, ਨਾ ਰਖੋ ਪਾੜਾ।
ਹਰ-ਇਸਤ੍ਰੀ ਨੂੰ ਸਮਝੋ ਆਪਣੀ, ਕੋਈ ਫ਼ਰਕ ਨ ਜਾਣੋ,
ਬਾਬਾ ਨਾਨਕ ਐਵੇਂ ਲਿਖ ਗਿਆ, ਤੁਸੀਂ ਮੌਜਾਂ ਮਾਣੋ!
ਬਾਣੀ ਪੜ੍ਹਨ ਦੀ ਲੋੜ ਨਹੀਂ, ਮੇਰੇ ਚਰਨੀਂ ਆਉ,
ਮਾਇਆ ਦੇ ਗੱਫੇ ਭੇਜ ਕੇ, ਤੁਸੀਂ ਸਫਲ ਕਰਾਉ।
ਨਿਰੰਕਾਰ ਦੇ ਦਰਸ ਕਰਾ ਦਿਆਂ, ਇਕ ਖਿਨ ਵਿਚਕਾਰ,
ਆਪ ਤਾਂ ਭਾਵੇਂ ਡੁਬ ਜਾਵਾਂ, ਤੁਹਾਨੂੰ ਦਵਾਂਗਾ ਤਾਰ।
ਇਨੂੰ ਨਾਨਕ ਦਾ ਰੂਪ ਜਾਣਿਉ, ਚੇਲੇ ਫੁਰਮਾਉਂਦੇ,
ਗੁਰੂ ਘਰਾਂ ਦੇ ਚਿਰਾਂ ਤੋਂ ਸਨ ਮਖੌਲ ਉਡਾਉਂਦੇ।
ਪਾਵਨ ਪੁਰਖ ਸਤਿਗੁਰਾਂ ਦੇ ਜੋ ਬ੍ਰਹਮ ਗਿਆਨੀ,
ਉਹੋ ਨਾਂ ਰਖ ਅਚਰਨ-ਹੀਣਾਂ ਦੇ ਕਰਦੇ ਬਦਨਾਮੀ।
ਸ਼ਹਿਨਸ਼ਾਹ ਮਰਦ ਅਗੰਮੜੇ ਦੀਆ ਕਰਦਾ ਰੀਸਾਂ,
ਉਹ ਭੁਲ ਗਿਆ,ਕਲਗੀਆਂ ਵਾਲੜੇ ਕੀ ਤਾਰੀਆਂ ਫੀਸਾਂ



www.AKJ.Org

ਅੰਮ੍ਰਿਤਸਰ ਸ਼ਹਿਰ ਸਿਖੀ ਦਾ ਜੋ ਕੇਂਦਰ ਭਾਰਾ,
ਖਾਲਸੇ ਦਾ ਮਨਾਇਆ ਜਾ ਰਿਹਾ ਸੀ ਜਨਮ ਦਿਹਾੜਾ।
ਜਾਣ ਬੁਝ ਨਿਰੰਕਾਰੀਆਂ ਦਿਲ ਰਖ ਮੱਕਾਰੀ,
ਪੁਲੀਸ ਅਫਸਰਾਂ ਨਾਲ ਮਿਲ ਕੇ ਗੋਂਦ ਗੁੰਦੀ ਸਾਰੀ।
ਵਿਸਾਖੀ ਤੇ ਇਸ ਸ਼ਹਿਰ ਵਿਚ ਸਭ ਹੋਏ ਇਕੱਠੇ,
ਉਸੇ ਤਰ੍ਹਾਂ ਸਿੱਖ ਪੰਥ ਨੂੰ ਕਰਨ ਲਗ ਪਏ ਠੱਠੇ।
ਲੀਡਰ ਰਹੇ ਵਿਚ ਚੌਧਰਾਂ, ਉਹਨਾਂ ਗੱਲ ਨਾ ਗੌਲੀ,
ਅਰਦਾਸਾ ਕਰ ਕੇ ਤੁਰ ਪਈ ਸੰਤਾਂ (ਸਿੰਘਾਂ)ਦੀ ਟੋਲੀ।
ਉਨ੍ਹਾਂ ਹਾਜ਼ਰ ਜਾਣ ਅਕਾਲ ਨੂੰ ਇਹ ਭਰੀ ਗਵਾਹੀ,
ਸ਼ਾਂਤਮਈ ਵਿਚ ਰਹਿ ਕੇ, ਜਾਏ ਗੱਲ ਸਮਝਾਈ।
ਉਹ ਕਹਿਣ ਗਏ ਨਿਰੰਕਾਰੀਆਂ ਨੂੰ ਸੁਣੋ ਭਰਾਉ,
ਤੁਸੀਂ ਗੁਰੂ ਘਰਾਂ ਦੇ ਇਸ ਤਰ੍ਹਾਂ ਨਾ ਮਜ਼ਾਕ ਉਡਾਉ।
ਅਗੋਂ ਭੂਤਰੇ ਹੋਏ ਨਿਰੰਕਾਰੀਏ ਟੁਟ ਪਏ ਹਜ਼ਾਰਾਂ,
ਲੈ ਇੱਟੇ ਵੱਟੇ ਬੋਤਲਾਂ ਨੰਗੀਆਂ ਤਲਵਾਰਾਂ।
ਉਨ੍ਹਾਂ ਭੁੰਨ ਦਿਤੇ ਨਾਲ ਗੋਲੀਆਂ ਕਈ ਸੰਤ-ਸਿਪਾਹੀ,
ਉਨ੍ਹਾਂ ਕਤਲਗਾਹ ਦੀ ਉਸ ਥਾਂ ਸੀ ਸ਼ਕਲ ਬਣਾਈ।
ਫੌਜਾ ਸਿੰਘ ਵਰਗੇ ਸੂਰਮੇ ਸ਼ੇਰਾਂ ਦੇ ਭਾਈ,
ਸਲ੍ਹਾਂ ਸੋਲ੍ਹਾਂ ਗੋਲੀਆਂ ਖਾ ਕੇ ਹੱਸ ਸ਼ਹੀਦੀ ਪਾਈ।
ਕਈ ਵੀਰ ਬਹਾਦਰ ਜੂਝ ਗਏ ਨਹੀਂ ਨਿੰਦਾ ਝੱਲੀ,
ਗੁਰਬਚਨ ਸਿੰਹੁ ਦੇ ਦਲ ਵਿਚ ਮੱਚ ਗਈ ਤੜਥੱਲੀ।
ਉਹ ਜਾਨ ਬਚਾ ਕੇ ਨਸਿਆ ਆ ਦਿੱਲੀ ਲੁਕਿਆ;
ਇਕ ਦਿਨ ਵੀ ਬਾਅਦ ਵਿਚ ਨਹੀਂ ਉਥੇ ਰੁਕਿਆ।
ਸੁਣੋ ਸਮੇਂ ਦੇ ਖਾਲਸਾ ਹੁਣ ਰਹਿਓ ਨਾ ਸੁਤੇ,
ਚੱਕੀ ਪੀਸਣ ਪੀਜਿਆ, ਖਾ ਜਾਣ ਨਾ ਕੁੱਤੇ।
ਸ਼ਹੀਦਾਂ ਦੀ ਲਲਕਾਰ ਸੀ, ਆਉ ਫ਼ਰਜ਼ ਨਿਭਾਈਏ,
ਇਹ ਦੁਕਾਨ ਜੁ ਖੁਲ੍ਹੀ ਕੁਫ਼ਰ ਦੀ,ਆਉ ਬੰਦ ਕਰਾਈਏ।
ਸ਼ਹੀਦਾਂ ਦੀ ਲਲਕਾਰ ਸੀ, ਆਉ ਫ਼ਰਜ਼ ਨਿਭਾਈਏ,
ਬੇਅਣਖ ਹੋ ਕੇ ਜੀਣ ਤੋਂ, ਚੰਗਾ ਮਰ ਜਾਈਏ।
ਉਨ੍ਹਾਂ ਦੇ ਸੁਪਨੇ ਖਾਲਸਾ ਜੀ, ਨਾ ਰਹਿਣ ਅਧੂਰੇ,
ਆਉ ਨਿਤਰੋ ਵਿਚ ਮੈਦਾਨ ਦੇ, ਕਰ ਦਈਏ ਪੂਰੇ।
'ਸਭਰਵਾਲ' ਮਿਲ ਅਰਦਾਸ ਕਰੋ ਤੇ ਸੀਸ ਝੁਕਾਈਏ।
ਸ਼ਰਧਾ ਦੇ ਫੁੱਲ ਸ਼ਹੀਦਾਂ ਨੂੰ ਆਉ ਭੇਟ ਚੜ੍ਹਾਈਏ।

—o—

ਇਸ ਨਵੀਂ ਕਾਰਜ-ਸਾਧਕ ਕਮੇਟੀ ਨੇ ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:) ੧੦੨-ਰਾਣੀ ਦਾ ਬਾਗ ਅੰਮ੍ਰਿਤਸਰ ਨੂੰ ਸਰਬ ਸੰਮਤੀ ਨਾਲ ਅਖੰਡ ਕੀਰਤਨੀ ਜੱਥੇ ਦੀ ਜੱਥੇਦਾਰੀ ਦੀ ਸੇਵਾ ਬਖਸ਼ੀ, ਅਤੇ ਇਨ੍ਹਾਂ ਦੀ ਸਹਾਇਤਾ ਵਾਸਤੇ ਹੇਠਾਂ ਦਿਤੇ ਸਜਣ ਸਰਬ ਸੰਮਤੀ ਨਾਲ ਪੰਜ-ਕੌਂਸਲੀ ਦੇ ਮੈਂਬਰ ਚੁਣੇ ਗਏ। ਰੈਣ ਸਬਾਈ ਕੀਰਤਨ ਦੇ ਭੋਗ ਤੋਂ ਪਹਿਲੋਂ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਜੀ ਹੋਈ ਸੰਗਤ ਦੇ ਇਨ੍ਹਾਂ ਸੇਵਦਾਰਾਂ ਨੇ, ਵਾਰੀ ਵਾਰੀ ਖਲੋ ਕੇ ਦਰਸ਼ਨ ਕੀਤੇ। ਸੰਗਤਾਂ ਨੇ ਗਜਵੇਂ ਜੈਕਾਰਿਆਂ ਦੇ ਰੂਪ ਵਿਚ ਇਨ੍ਹਾਂ ਸੇਵਕਾਂ ਦੀ ਚੋਣ ਉਤੇ ਪਰਵਾਨਗੀ ਦੀ ਅੰਤਮ ਮੁਹਰ ਲਾਈ।

ਜੱਥੇਦਾਰ—ਭਾਈ ਰਾਮ ਸਿੰਘ ਜੀ

ਪੰਚ-ਕੌਂਸਲੀ—

੧. ਭਾਈ ਜਗੀਰ ਸਿੰਘ ਜੀ ਪੂਹਲਾ (ਬਠਿੰਡਾ)
੨. ਭਾ: ਆਤਮਾ ਸਿੰਘ ਜੀ ਪੰਜੋਖਰਾ (ਹਰਿਆਣਾ)
੩. ਡਾ: ਦਲਬੀਰ ਸਿੰਘ ਜੀ ਦਿਲੀ।
੪. ਬੀਬੀ ਹਰਸ਼ਰਨ ਕੌਰ ਜੀ ਮਿਠਾਪੁਰ (ਜਲੰਧਰ)
੫. ਭਾਈ ਜੁਗਿੰਦਰ ਸਿੰਘ ਜੀ ਅੰਮ੍ਰਿਤਸਰ।

ਕੁਝ ਜ਼ਿਲਿਆਂ, ਪ੍ਰਾਂਤਾਂ ਅਤੇ ਦੇਸ਼ਾਂ ਦੇ ਪ੍ਰਤੀਨਿਧਾਂ ਦੇ ਨਾਮ ਅਜੇ ਨਹੀਂ ਆਏ। ਸਾਰੇ ਨਾਮ ਪੁਜ ਜਾਣ ਤੇ ਸੂਰਾ' ਵਿਚ ਛਾਪ ਦਿਤੇ ਜਾਣਗੇ।

ਉਪ੍ਰੋਕਤ ਸੂਚਨਾ ਦੇਂਦਿਆਂ ਹੋਇਆਂ ਸਮੂਹ ਗੁਰ-ਸਿਖ ਪਿਆਰਿਆਂ ਦੇ ਚਰਨਾਂ ਵਿਚ ਸਨਿਮਰ ਬਿਨੈ ਹੈ ਕਿ ਆਪਣੇ ਆਪਣੇ ਪ੍ਰਤੀਨਿਧ ਨਾਲ ਮਿਲ ਕੇ ਨਾਮ ਜਪਣ, ਬਾਣੀ ਪੜ੍ਹਨ, ਕੀਰਤਨ ਕਰਨ ਅਤੇ ਅੰਮ੍ਰਿਤ-ਸਿੰਚਾਰ ਦੇ ਪ੍ਰੋਗਰਾਮ ਉਲੀਕ ਕੇ ਇਸ ਲਹਿਰ ਨੂੰ ਵਧਾਈ ਰਖਣਾ।

ਕੁਝ ਪ੍ਰਾਂਤਾਂ, ਜ਼ਿਲਿਆਂ ਨੇ ਇਕ ਤੋਂ ਵਧ ਪ੍ਰਤੀ-ਨਿਧਾਂ ਦੇ ਨਾਮ ਭੇਜ ਦਿਤੇ ਹਨ। ਉਹ ਕਿਰਪਾ ਪੂਰਬਕ ਇਸ ਉਤੇ ਫਿਰ ਵਿਚਾਰ ਕਰ ਕੇ ਆਪਣੀ ਸਰਬ ਸੰਮਤੀ ਦੀ ਸੂਚਨਾ "ਸੂਰਾ" ਦਫਤਰ ਨੂੰ ਜਲਦੀ ਭੇਜ ਦੇਣ, ਤਾਂ ਜੁ ਕਾਰਜ ਸਾਧਕ ਕਮੇਟੀ ਦੀ ਪੂਰੀ ਲਿਸਟ ਅਗਲੇ ਪਰਚੇ ਵਿਚ ਛਾਪੀ ਜਾ ਸਕੇ। ਚਿੱਠੀ ਪਤਰ ਦੀ ਸਹੂਲਤ ਲਈ ਸਾਰੇ ਪ੍ਰਤੀਨਿਧ ਆਪਣਾ ਡਾਕ ਦਾ ਪੂਰਾ ਪਤਾ ਮੁੜਦੀ ਡਾਕੇ ਭੇਜਣ ਦੀ ਕ੍ਰਿਪਾਲਤਾ ਕਰਨ।


www.AKJ.Org

# ਅੰਮ੍ਰਿਤਸਰ ਦੇ ਸ਼ਹੀਦਾਂ ਦੀ ਸ਼ਹਾਦਤ ਦਾ ਕਾਰਨ

ਲੇਖਕ—ਸਰਦਾਰਨੀ ਰਾਮਦਾਸ ਕੌਰ ਖ਼ਾਲਸਾ, ਸਕੱਤਰ ਧਰਮ ਪਰਚਾਰ, ਸਿਖ ਧਰਮ ਸਕਤਰੇਤ,
੧੬੨੦ ਪਰੂਸ ਰੋਡ. ਲੌਸ ਐਂਜਲਸ, ਕੈਲੇਫ਼ੋਰਨੀਆ (ਅਮ੍ਰੀਕਾ)

ਅਸਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸ਼ਹੀਦਾਂ ਦੀ ਵਾਰਤਾ ਸੁਣੀ ਹੈ। ਸ਼ਹੀਦੀ ਦੀ ਸੋ੍ਤ ਸੁਣ ਕੇ ਸਾਨੂੰ ਵੀ ਦੁਖ ਹੋਇਆ ਹੈ, ਪਰ ਸਾਡਾ ਸਿਰ ਗੌਰਵ ਨਾਲ ਉਚਾ ਵੀ ਹੋਇਆ ਹੈ। ਜਿਥੇ ਕਰਤਾ ਪੁਰਖ ਦੇ ਕਰਤਵ ਵਚਿਤਰ ਹਨ ਉਥੇ ਇਹਨਾਂ ਸੰਤ-ਸਿਪਾਹੀ ਸੂਰਬੀਰਾਂ ਦੀ ਮਹਾਨਤਾ ਵੀ ਵਿਸਮਾਦ-ਜਨਕ ਹੈ।

ਸਵਾਲ ਉਠਦਾ ਹੈ ਕਿ ਇਹ ਸੂਰਬੀਰ ਗੁਰਸਿਖ ਖਿੜੇ ਮੱਥੇ ਨਾਮ ਜਪਦੇ ਮੌਤ ਦੇ ਮੂੰਹ ਵਿਚ ਕਿਉਂ ਜਾ ਵੜੇ ? ਇਹ ਪ੍ਰਭੂ ਦੇ ਪਿਆਰੇ ਆਪਣੇ ਪਰਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ ਸ਼ਾਨ ਬਰਕਰਾਰ ਰਖਣ ਲਈ ਕਿਉਂ ਧਾਈ ਕਰਕੇ ਗਏ ? ਨਿਰਸੰਦੇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ੋਭਾ ਤੇ ਮਹਾਨਤਾ ਨੂੰ ਸਾਰਾ ਜਹਾਨ ਜਾਣਦਾ ਹੈ। ਇਸ ਸ਼ੋਭਾ ਤੇ ਮਹਾਨਤਾ ਨੂੰ ਕੋਈ ਨੁਕਸਾਨ ਨਹੀਂ ਪੁਚਾ ਸਕਦਾ ਤੇ ਇਸ ਦੀ ਰੱਖਿਆ ਦੀ ਕੋਈ ਲੋੜ ਨਹੀਂ। ਯਕੀਨਨ, ਪ੍ਰਮਾਤਮਾ ਦਾ ਨਾਮ ਇਕ ਅਟੱਲ ਸੱਚਾਈ ਹੈ, ਜੋ ਅਕੱਥ ਹੈ ਅਤੇ ਜਿਸ ਦਾ ਕੋਈ ਪਾਰਾਵਾਰ ਨਹੀਂ। ਪ੍ਰਮਾਤਮਾ ਦਾ ਨਾਮ ਜੋ ਦੁਨੀਆਵੀ ਸੁਚ ਜੂਠ ਦੀ ਪਹੁੰਚ ਪਕੜ ਤੋਂ ਉਚੇਰਾ ਹੈ, ਇਸ ਉਤੇ ਕਿਸੇ ਨਿੰਦਕ ਦੀ ਨਿੰਦਿਆ ਦਾ ਕੀ ਅਸਰ ਹੋ ਸਕਦਾ ਹੈ। ਇਹ (ਨਾਮ) ਸੱਚ ਸੀ, ਸੱਚ ਹੈ ਅਤੇ ਸਦੀਵ-ਕਾਲ ਸੱਚ ਰਹੇਗਾ।

ਫਿਰ ਕਿਹੜੀ ਸ਼ਕਤੀ ਇਹਨਾਂ ਸ਼ਹੀਦਾਂ ਨੂੰ ਆਪਣੇ ਅੰਤਮ ਨਿਸ਼ਾਨੇ ਵਲ ਖਿੱਚ ਕੇ ਲੈ ਗਈ ? ਪਿਆਰ !

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
[ਗੋਂਡ ਮ: ੫, ਪੰਨਾ ੮੬੪

ਅੰਮ੍ਰਿਤਸਰ ਦੇ ਸ਼ਹੀਦ ਤਾਂ ਸ਼ਹਾਦਤ ਪ੍ਰਾਪਤੀ ਤੋਂ ਪਹਿਲਾਂ ਹੀ ਸ਼ਹੀਦੀ ਜੀਵਨ ਬਤੀਤ ਕਰ ਰਹੇ ਸਨ। ਉਹਨਾਂ ਨੇ ਇਸ ਘਟਨਾ ਤੋਂ ਬਹੁਤ ਸਮਾਂ ਪਹਿਲਾਂ ਆਪਣੇ ਸੀਸ ਗੁਰੂ-ਪਾਤਸ਼ਾਹ ਜੀ ਨੂੰ ਸਮਰਪਣ ਕੀਤੇ ਹੋਏ ਸੀ। ਜਦੋਂ ਸਦ ਪਈ, ਉਹਨਾਂ ਨੇ ਆਪਣੇ ਸੀਸ, ਜਿਨ੍ਹਾਂ ਨੂੰ ਉਹ ਸਦਾ ਗੁਰੂ ਕੀ ਅਮਾਨਤ ਸਮਝਦੇ ਸੀ, ਤਟ-ਫ਼ਟ ਗੁਰ-ਚਰਨਾਂ ਤੋਂ ਘੋਲ-ਘੁਮਾਈ ਕਰ ਦਿਤੇ। ਉਹਨਾਂ ਦਾ ਆਪਾ ਪਰਮ-ਆਪੇ ਵਿਚ ਹਲੂਲ ਹੋ ਗਿਆ। ਉਹ ਗੁਰੂ ਕੇ ਖਾਲਸੇ ਹੋ ਨਿਬੜੇ ਅਤੇ ਸ਼ਹੀਦਾਂ ਮੁਰੀਦਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਏ, ਜਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਸਰਬੱਤ ਖਾਲਸਾ ਤਿਆਗ ਤੇ ਕੁਰਬਾਨੀ ਦੀ ਨਿਤਾਪ੍ਰਤਿ ਪ੍ਰੇਰਨਾ ਲੈਂਦਾ ਹੈ ਖ਼ਾਲਸੇ ਦਾ ਪਿਤਾ, ਉਹਨਾਂ ਦਾ ਆਸਰਾ ਤੇ ਜੀਵਨ-ਅਧਾਰ ਗੁਰੂ ਗੋਬਿੰਦ ਸਿੰਘ ਜੀ ਹਨ :—

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥
[ਭਾਈ ਗੁਰਦਾਸ ਦੂਜਾ

ਗੁਰੂ ਗੋਬਿੰਦ ਰਾਏ ਜੀ ਨੇ ਖਾਲਸਾ ਸਾਜਿਆ ਅਤੇ ਖਾਲਸਾ ਜੀ ਨੇ ਗੁਰੂ ਗੋਬਿੰਦ ਸਿੰਘ ਸਾਜਿਆ। ਖ਼ਾਲਸਾ ਅਤੇ ਗੁਰੂ ਅਭੇਦ ਹੋ ਗਏ। ਕਰਤਾ-ਪੁਰਖ ਆਪਣੀ ਰਚੀ ਪਰਕਿਰਤੀ (**ਕੁਦਰਤ**) ਨੂੰ ਪਿਆਰ ਕਰਦਾ ਹੈ ਅਤੇ ਪਰਕਿਰਤੀ (ਕੁਦਰਤ) ਆਪਣੇ ਰਚਣਹਾਰ ਦੀ ਹੋਂਦ ਦਾ ਪ੍ਰਗਟਾਵਾ ਕਰਦੀ ਹੈ। ਜਦੋਂ ਨਿੰਦਕਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਨਿੰਦਿਆ ਤੇ ਨਿਰਾਦਰੀ ਕੀਤੀ ਗਈ, ਗੁਰੂ ਕੇ ਖਾਲਸੇ ਨੇ ਇਉਂ ਪ੍ਰਤੀਤ ਕੀਤਾ ਜਿਵੇਂ ਉਹਨਾਂ ਦੇ ਸਰੀਰ ਵਿਚੋਂ ਖ਼ੂਨ ਨੁਚੜ ਗਿਆ ਹੋਵੇ, ਉਹਨਾਂ ਦਾ ਸਾਹ ਖਿਚਿਆ ਗਿਆ ਹੋਵੇ। ਖ਼ਾਲਸਾ ਜੀ ਦਾ ਅਕਾਲ ਪੁਰਖ ਨਾਲ ਸਬੰਧ 'ਸ਼ਬਦ' ਦੁਆਰਾ ਹੈ—ਉਹ ਸ਼ਬਦ ਜੋ ਉਹਨਾਂ ਨੂੰ ਗੁਰੂ ਦੀ ਰਾਹੀਂ ਪ੍ਰਾਪਤ ਹੋਇਆ। ਜਦੋਂ ਪ੍ਰਾਣ ਪਿਆਰੇ ਸ੍ਰੀ ਗੁਰੂ



www.AKJ.Org

ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਕੀਤੀ ਗਈ, ਖ਼ਾਲਸਾ ਜੀ ਨੂੰ ਇਉਂ ਭਾਸਿਆ ਜਿਵੇਂ ਉਹਨਾਂ ਦੇ ਪ੍ਰਾਣ ਨਿਕਲ ਗਏ ਹੋਣ। ਉਹ ਸਤਿਗੁਰਾਂ ਦੀ ਨਿੰਦਿਆ ਅਤੇ ਨਿਰਾਦਰੀ ਕਿਵੇਂ ਸੁਣੀ ਜਾਂਦੇ ? ਸ੍ਵੈਮਾਨ ਅਤੇ ਇਜ਼ਤ ਪਤ ਤੋਂ ਬਗੈਰ ਮਨੁਖੀ ਜੀਵਨ ਕੀੜਿਆਂ ਮਕੌੜਿਆਂ ਤੋਂ ਵੀ ਮਾੜਾ ਹੈ। ਅੰਮ੍ਰਿਤਸਰ ਦੇ ਸੁਹਿਰਦ ਸ਼ਹੀਦ, ਸੁਹਿਰਦਤਾ ਤੇ ਸਦ-ਭਾਵਨਾ ਨਾਲ ਨਿੰਦਕਾਂ ਨੂੰ ਪ੍ਰੇਰਨਾ ਦੇਣ ਲਈ ਗਏ ਕਿ ਸਤਿਗੁਰਾਂ ਦੀ ਅਤੇ ਗੁਰੂ ਕੇ ਖਾਲਸਾ ਜੀ ਦਾ ਸਤਿਕਾਰ ਕਾਇਮ ਰਖਿਆ ਜਾਵੇ।

ਅੰਮ੍ਰਿਤਸਰ ਦੇ ਸ਼ਹੀਦਾਂ ਨੇ ਸਤਿਗੁਰਾਂ ਦੇ ਉਪਦੇਸ਼ਾਂ ਅਨੁਸਾਰ ਜੀਵਨ ਢਾਲਿਆ ਹੋਇਆ ਸੀ। ਉਹਨਾਂ ਦੇ ਹਿਰਦੇ ਵਿਚ ਅਤੇ ਰਸਨਾ ਤੇ ਵਾਹਿਗੁਰੂ ਵਸਦਾ ਸੀ ਅਤੇ ਉਹਨਾਂ ਦਾ ਰੋਮ ਰੋਮ ਵਾਹਿਗੁਰੂ ਜਾਪ ਕਰਦਾ ਸੀ। ਉਹ ਗੁਰੂ ਤੋਂ ਬਿਨਾਂ ਜੀ ਨਹੀਂ ਸੀ ਸਕਦੇ।

ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥

[ਗੋਂਡ ਮ: ੫, ਪੰਨਾ ੮੬੪

ਇਹ ਸੱਚ ਦੇ ਲਟ ਲਟ ਕਰਦੇ ਚਾਨਣ-ਮੁਨਾਰੇ ਸੱਚ ਦਾ ਸੁਨੇਹਾ ਸੁਣਾਉਣ ਲਈ ਕੂੜ ਦੇ ਅੰਨ੍ਹੇਰੇ ਵਿਚ ਜਾ ਘੁਸੇ। ਉਹਨਾਂ ਦੀ 'ਜੀਵਨ-ਜੋਤਿ' ਮਾਰੂ ਹਥਿਆਰਾਂ ਨਾਲ ਬੁਝਾ ਦਿਤੀ ਗਈ, ਪਰ ਉਹਨਾਂ ਦੇ ਉਦੇਸ਼ਾਂ ਦੀ ਨਿਰਮਲ-ਜੋਤਿ ਦੂਣ ਸਵਾਈ ਚਮਕ ਉਠੀ। ਕੀ ਮਾਚਸ ਦੀ ਤੀਲੀ ਨੂੰ, ਮੋਮਬਤੀ ਜਗਾਉਣ ਲਈ ਆਪ ਸੜਨਾ ਨਹੀਂ ਪੈਂਦਾ ? ਸ਼ਹੀਦਾਂ ਵਲੋਂ ਪ੍ਰਚੰਡ ਕੀਤੀ ਅਬਚਲੀ ਜੋਤਿ ਦੇ ਚਾਨਣ ਵਿਚ ਸੰਸਾਰ ਨੇ ਉਸ ਦਿਨ ਬਹੁਤ ਕੁਝ ਦੇਖਿਆ। ਇਸ ਚਾਨਣ ਵਿਚ ਸੰਸਾਰ ਨੇ ਪ੍ਰਮਾਤਮਾ ਦੀ ਏਕਤਾ ਅਤੇ ਮਾਨਵ-ਭਰੱਪਣ ਦੇ ਉਦੇਸ਼ ਦਾ ਬੇਰਹਿਮੀ ਨਾਲ ਕਤਲ ਹੁੰਦਾ ਤਕਿਆ। ਇਸ ਸ਼ਹੀਦੀ ਨੇ ਸੰਸਾਰ ਭਰ ਦੇ ਖਾਲਸਾ ਪੰਥ ਵਿਚ ਇਕ-ਮੁਠ, ਤੇ ਜਥੇਬੰਦ ਹੋਣ ਅਤੇ ਖਾਲਸਾ ਭਾਈਚਾਰੇ ਦੇ ਸਬੰਧ ਪਕੇ ਕਰਨ ਲਈ ਉਤਸ਼ਾਹ ਫੂਕ ਦਿਤਾ। ਇਸ ਨਾਲ ਇਹ ਸਾਹਸ ਜਾਗਿਆ ਕਿ ਇਹ ਐਲਾਨ ਕੀਤਾ ਜਾਵੇ ਕਿ ਗੁਰੂ ਘਰ ਦੇ ਦੋਖੀਆਂ ਨੂੰ ਛੇਕ ਕੇ ਇਹਨਾਂ ਨਾਲ ਮਿਲਵਰਤਣ ਬੰਦ ਕੀਤਾ ਜਾਵੇ। ਮੀਰੀ ਪੀਰੀ ਦਾ ਵਾਰਸ ਖ਼ਾਲਸਾ ਪੰਥ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਕਿਸੇ ਸਿਧੇ ਜਾਂ ਵਿੰਗੇ ਢੰਗ ਨਾਲ ਤੋੜ-ਮਰੋੜ, ਅਯੋਗ ਵਰਤੋਂ ਕਦੀ ਵੀ ਸਹਿਨ ਨਹੀਂ ਕਰੇਗਾ। ਇਸ ਸਬੰਧ ਵਿਚ ਅਸੀਂ ਉਹਨਾਂ ਢਿਲੜ-ਪੰਥੀ ਤੇ ਬੁਜ਼ਦਿਲ ਸਿਖਾਂ, ਜਿਹੜੇ ਸ਼ੇਰਾਂ ਦੀ ਬਜਾਏ ਭੇਡਾਂ ਬਣ ਕੇ ਜੀਉਣਾ ਚਾਹੁੰਦੇ ਹਨ, ਦੀਆਂ ਦਲਾਂਲ-ਬਾਜ਼ੀਆਂ, ਢੁਚਰਾਂ ਤੇ ਢਿਲ-ਵਰਤਾਊ ਗੱਲਾਂ ਸੁਣਨ ਲਈ ਹਰਗਿਜ਼ ਤਿਆਰ ਨਹੀਂ। ਜਿਹੜੇ ਸੂਰਬੀਰ ਅਕਾਲ ਪੁਰਖ ਦੀ ਕਾਲ-ਰਹਿਤ ਹਸਤੀ ਉਤੇ ਮਨ ਬਚਨ ਕਰਮ ਕਰਕੇ ਵਿਸ਼ਵਾਸ ਰਖਦੇ ਹਨ, ਉਹ ਹੀ ਅਸਲੀ ਅਕਾਲੀ ਹਨ, ਨਾ ਕਿ ਉਹ ਸਿਆਸਤ-ਪ੍ਰਸਤ ਵਿਅਕਤੀ ਜਿਹੜੇ ਖਾਲਸਈ ਆਦਰਸ਼ਾਂ ਨੂੰ ਆਪਣੇ ਛਿੰਨ-ਭੰਗਰੀ ਜੀਵਨ ਦੀ ਫੋਕੀ ਪ੍ਰਸਿਧੀ ਲਈ ਕੁਰਬਾਨ ਕਰਦੇ ਹਨ। ਗੁਰੂ ਘਰ ਵਿਚ ਦੁਨੀਆਵੀ ਸ਼ੁਹਰਤਾਂ ਤੇ ਵਡਿਆਈਆਂ ਦਾ ਕੌਡੀ ਮੁੱਲ ਨਹੀਂ। ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਵਿਚ ਕਿਸੇ ਦੀ ਹਉਮੈ ਦਾ ਪਸਾਰਾ ਸਹਿਨ ਨਹੀਂ ਕੀਤਾ ਜਾ ਸਕਦਾ ਅਤੇ ਸਮਾਂ ਇਸ ਦਾ ਨਿਰਣਾ ਕਰ ਦੇਵੇਗਾ। ਖ਼ਾਲਸਾ ਪੰਥ ਅਤੇ ਖ਼ਾਲਸਾਈ ਰਵਾਇਤਾਂ ਨਾਲ ਅੰਦਰੋਂ ਬਾਹਰੋਂ ਹੋ ਰਹੀ ਬੇ-ਵਫ਼ਾਈ ਵੇਖ ਕੇ ਸਾਨੂੰ ਦੁਖ ਤੇ ਪੀੜਾ ਹੋ ਰਹੀ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਤਿਗੁਰੂ ਦੇ ਪ੍ਰੇਮ ਪਿਆਰ ਵਿਚ ਰਤੀਆਂ ਉਹ ਪਰਮ ਪਵਿਤ੍ਰ ਰੂਹਾਂ ਸਿਧੀਆਂ ਸਤਿਗੁਰੂ ਦੀ ਦਰਗਾਹ ਵਿਚ ਸੁਰਖ਼ਰੂ ਜਾ ਹੋਈਆਂ ਹਨ। ਅਸੀਂ ਨਾਮ ਸਿਮਰਨ ਦਾ ਅਨੰਦ ਮਾਣਿਆ ਹੈ। ਅਸੀਂ ਸਾਧ ਸੰਗਤ ਵਿਚ ਆਪਣੇ ਦੁਖਾਂ ਦੀਆਂ ਪੰਡਾਂ ਦਾ ਭਾਰ ਸਿਰੋਂ ਲਥਾ ਅਨੁਭਵ ਕੀਤਾ ਹੈ। ਅਸੀਂ ਸੁਘੜ ਬੱਚੇ ਵਾਂਗ ਇਕ ਸੰਤ ਮਹਾਤਮਾ ਮਹਾਂ-ਪੁਰਖ ਦੇ ਚਰਨਾਂ ਵਿਚ ਬੈਠ ਕੇ ਪੁਰਾਤਨ ਨਿਰਮਲ ਜੀਵਨ ਵਾਲੇ ਗੁਰਸਿਖਾਂ, ਸੰਤਾਂ ਭਗਤਾਂ ਦੇ ਜੀਵਨ ਦੀਆਂ ਸਾਖੀਆਂ ਸੁਣ ਕੇ ਤ੍ਰਿਪਤੀ ਪ੍ਰਾਪਤ ਕੀਤੀ ਹੈ। ਤੇ ਇਹਨਾਂ ਨੇ ਸਾਡੇ ਅੰਦਰ ਅਥਾਹ ਉਤਸ਼ਾਹ ਤੇ ਬਲ ਭਰ ਦਿਤਾ ਹੈ। ਸਾਡੇ ਅੰਦਰ ਆਪਣਾ ਸਭ ਕੁਝ—ਤਨ, ਮਨ,



www.AKJ.Org

ਧਨ--ਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਤੋਂ ਕੁਰਬਾਨ ਕਰਨ ਦੀ ਲਾਲਸਾ ਉਤਪੰਨ ਹੋ ਗਈ ਹੈ । ਅਸੀਂ ਇਹਨਾਂ ਸਾਰੀਆਂ ਮਹਾਨ ਆਤਮਾਵਾਂ ਨਾਲ ਖਾਲਸਈ ਭਾਵਨਾਵਾਂ ਰਾਹੀਂ ਜੁੜੇ ਹੋਏ ਹਾਂ ।

ਇਹ ਦੁਖਦਾਈ ਗੱਲ ਹੈ ਕਿ ਏਕਤਾ ਲਿਆਉਣ ਲਈ ਮਨੁਖਤਾ ਨੂੰ ਤਬਾਹ ਹੋਣਾ ਪੈਂਦਾ ਹੈ। ਇਹ ਬੜੀ ਦਰਦਨਾਕ ਗੱਲ ਹੈ ਕਿ ਧਰਮੀ ਜੀਵਨ ਵਿਚ ਪਰਵਿਰਤ ਕਰਨ ਲਈ ਸੱਚੇ ਸੁੱਚੇ ਧਰਮੀ ਜੀਵਨ ਵਾਲੇ ਮਹਾਂ ਪੁਰਖਾਂ ਦੀ ਸ਼ਹੀਦੀ ਦੇਖਣੀ ਪੈਂਦੀ ਹੈ। ਪਰ ਸੱਚਾਈ ਇਹ ਹੈ ਕਿ ਦੁਖ ਹੀ ਹਨ, ਜਿਹੜੇ ਸੁਖਾਂ ਨੂੰ ਜਨਮ ਦਿੰਦੇ ਹਨ। ਪ੍ਰਭੂ ਨੇ ਸੁੰਦਰ ਅਤੇ ਪਵਿਤਰ ਕੰਵਲ-ਫੁੱਲ ਦੀ ਜੜ੍ਹ ਚਿਕੜ ਵਿਚ ਲਾਈ ਹੋਈ ਹੈ। ਇਸੇ ਤਰ੍ਹਾਂ ਲਿਤਾੜੀ ਅਤੇ ਲੁੱਟੀ ਪੁੱਟੀ ਗਰੀਬ ਲੁਕਾਈ ਵਿਚੋਂ ਖਾਲਸਾ ਪੈਦਾ ਹੋਇਆ । ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਪਵਿਤਰ ਸ਼ਹਾਦਤ ਤੋਂ ਅਤੇ ਅੰਮ੍ਰਿਤਸਰ ਦੇ ਸ਼ਹੀਦਾਂ ਦੀ ਰਾਹੀਂ, ਅਨਗਿਣਤ ਪਛਾਤੇ ਅਤੇ ਅਣਪਛਾਤੇ ਸਜਣ ਹਨ ਜਿਨ੍ਹਾਂ ਨੇ ਸੱਚ ਅਤੇ ਧਰਮ ਦੀ ਬਿਰਧੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦੀ ਪ੍ਰੇਰਨਾ ਲਈ। ਅਜਿਹੇ ਮਹਾਂ ਪੁਰਖ ਸਾਡੇ ਮੂਹਰੇ ਧਰਮ ਅਤੇ ਲਗਨ, ਬਹਾਦਰੀ ਅਤੇ ਦ੍ਰਿੜ੍ਹਤਾ, ਸੁਹਿਰਦਤਾ ਅਤੇ ਸਵੈਮਾਣਤਾ ਦੀਆਂ ਜੀਉਂਦੀਆਂ ਜਾਗਦੀਆਂ ਮਿਸਾਲਾਂ ਹਨ। ਸਤਿਗੁਰਾਂ ਪ੍ਰਤੀ ਅਥਾਹ ਪਿਆਰ ਅਤੇ ਹੁਕਮਾਂ ਦੀ ਪਾਲਣਾ ਦੇ ਸਿਰ-ਸਦਕੇ ਉਹ ਸ਼ਹੀਦ ਸਦ-ਜੀਵਤ ਹਨ। ਕ੍ਰੋੜਾਂ ਮਨੁਖਾਂ ਦੇ ਦਿਲਾਂ ਵਿਚ ਵਸ ਕੇ ਉਹ ਆਪਣੇ ਸ਼ੁਭ ਗੁਣਾਂ ਦੇ ਤੁਫ਼ੈਲ ਸਾਨੂੰ ਉਤਸ਼ਾਹਤ ਕਰਦੇ ਹਨ।

ਅੰਮ੍ਰਿਤਸਰ ਦੇ ਸ਼ਹੀਦਾਂ ਦੀ ਅਮਰ ਕਹਾਣੀ ਗੁਰੂ ਦੇ ਪਿਆਰਿਆ ਤੇ ਗੁਰੂ ਦੇ ਭਗਤਾਂ ਦੀ ਕਹਾਣੀ ਹੈ।

ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥
ਗੁਰੂ ਬਿਨਾ ਮੈ ਨਾਹੀ ਹੋਰ ॥

[ਗੋਂਡ ਮ: ੫, ਪੰਨਾ ੮੬੪

ਗੁਰੂ ਪਾਤਸ਼ਾਹ ਪ੍ਰਤੀ ਅਥਾਹ ਪਿਆਰ ਹੋਣ ਕਰਕੇ ਇਹਨਾਂ ਸ਼ਹੀਦਾਂ ਨੇ ਗੁਰੂ ਮੇਹਰ ਦਾ ਸਦਕਾ ਸਤਿਗੁਰੂ ਦੇ ਇਕ ਇਕ ਹੁਕਮ ਨੂੰ ਸਿਰ ਮੱਥੇ ਤੇ ਮੰਨਿਆ ਤੇ ਚੇਤਨਾ ਦੀ ਉਚਤਮ ਪਦਵੀ—ਕੁਰਬਾਨੀ—ਪ੍ਰਾਪਤ ਕੀਤੀ। ਜਿਨ੍ਹਾਂ ਨੇ ਹੁਕਮ ਦੀ ਪੂਰਨ ਪਾਲਨਾ ਕੀਤੀ, ਪ੍ਰਭੂ ਦੀ ਦਰਗਾਹ ਵਿਚ ਉਹ ਪੂਰਨ ਹੋ ਨਿਬੜੇ। ਹੁਕਮ ਦੀ ਪਾਲਨਾ ਵਿਚ ਪੂਰੇ ਉਤਰਨ ਦੀ ਤੁਫ਼ੈਲ ਉਹਨਾਂ ਨੂੰ ਅਨੰਦ ਮਿਲਿਆ, ਕਿਉਂਕਿ 'ਹੁਕਮ ਮੰਨਣਾ ਆਨੰਦ-ਪ੍ਰਾਪਤੀ ਦੀ ਪਹਿਲੀ ਸ਼ਰਤ ਹੈ'' । ਵਾਹਿਗੁਰੂ ਆਪਣੇ ਪਿਆਰਿਆਂ ਦੇ ਸਾਰੇ ਕਾਰਜ ਰਾਸ ਕਰਦਾ ਹੈ। ਉਹਨਾਂ ਦੀ ਪਵਿਤ੍ਰਤਾ ਅਤੇ ਨਿਰਮਲਤਾ ਦਾ ਖਿਚਿਆ ਹੋਇਆ ਪ੍ਰਭੂ ਉਹਨਾਂ ਦੇ ਹਿਰਦੇ ਵਿਚ ਨਿਵਾਸ ਕਰ ਗਿਆ ਅਤੇ ਇਸ ਤਰ੍ਹਾਂ ਉਹਨਾਂ ਨੂੰ "ਸਦ-ਜੀਵਨ" ਦੀ ਬਖਸ਼ਸ਼ ਕੀਤੀ। ਸਚਾਈ ਦੀ ਕਦੇ ਮੌਤ ਨਹੀਂ ਹੁੰਦੀ।

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ
ਭੀ ਨ ਜਾਨਿਆ ਕੋਇ ॥ ਐਸੇ ਮਰਨੇ ਜੋ
ਮਰੈ ਬਹੁਰਿ ਨ ਮਰਨਾ ਹੋਇ ॥੨੯॥

[ਸਲੋਕ ਕਬੀਰ ਜੀ, ਪੰਨਾ ੧੩੬੬

ਵਾਹਿਗੁਰੂ ਨੇ ਅੰਮ੍ਰਿਤਸਰ ਦੇ ਸ਼ਹੀਦਾਂ ਤੇ ਬਖਸ਼ਸ਼ ਕੀਤੀ ਤੇ ਉਹਨਾਂ ਦੀ ਸਿਖੀ ਕੇਸਾਂ ਸੁਆਸਾਂ ਨਾਲ ਨਿਭੀ। ਉਹਨਾਂ ਨੇ ਆਪਣੀਆਂ ਜਾਨਾਂ ਦੀ ਅਹੂਤੀ ਦਿਤੀ, ਤਾਂ ਜੁ ਗੁਰੂ ਨਾਨਕ ਦੇਵ ਜੀ ਦੇ ਅੰਮ੍ਰਿਤ-ਬਚਨਾਂ ਦੁਆਰਾ ਪਿਆਸੀਆਂ ਰੂਹਾਂ ਦੀ ਪਿਆਸ ਮਿਟਦੀ ਰਵ੍ਹੇ। ਅੰਮ੍ਰਿਤਸਰ ਦੇ ਸ਼ਹੀਦਾਂ ਨੇ ਜਾਨਾਂ ਘੋਲ ਘੁਮਾਈ ਕਰ ਦਿਤੀਆਂ, ਕਿਉਂਕਿ ਕੁਰਬਾਨੀ ਤੋਂ ਬਗੈਰ (ਕੌਮ ਨੂੰ ਸੇਧ ਦੇਣ ਅਤੇ ਕੁਫਰ-ਗੜ ਨੂੰ ਤੋੜਨ) ਦੀ ਹੋਰ ਕੋਈ ਰਾਹ ਹੀ ਨਹੀਂ ਸੀ। ਉਹਨਾਂ ਦੇ ਹਿਰਦੇ ਪ੍ਰਮਾਤਮਾ ਦੇ ਨਾਮ ਦੀ ਵਡਿਆਈ ਨਾਲ ਸੁਭਰ ਭਰੇ ਹੋਏ ਸਨ। ਸਚਖੰਡ ਵਿਚ ਸਚਪੰਡੀ ਰੂਹਾਂ ਨੇ ਉਹਨਾਂ ਦੇ ਸਵੈ-ਘਰ (ਸਚਖੰਡ) ਵਿਚ ਪ੍ਰਵੇਸ਼ ਕਰਨ ਸਮੇਂ ਸੋਹਿਲੇ ਗਾਏ । ਅੰਮ੍ਰਿਤਸਰ ਦੇ ਸ਼ਹੀਦ ਸਾਰੀਆਂ ਮਨਜ਼ਲਾਂ ਪਾਰ ਕਰਦੇ ਹੋਏ, ਸਾਰੀਆਂ ਅਉਘਟ ਘਾਟੀਆਂ ਤੇ ਜਿਤ ਪ੍ਰਾਪਤ ਕਰਦੇ ਹੋਏ ਸਚਖੰਡ ਵਿਚ ਵਾਸਾ ਰਖਦੇ ਨਿਰੰਕਾਰ ਵਿਚ ਲੀਨ ਹੋ ਗਏ ਤੇ ਇਸੇ ਕਾਰਨ ਅਸੀਂ ਆਖ ਸਕਦੇ ਹਾਂ—

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ॥

(ਅਨੁਵਾਦਕ—'ਸੂਰਾ' ਪਰਵਾਰ)



www.AKJ.Org

# ਪੰਥ ਨੂੰ ਵੰਗਾਰ

ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ', ਮਾਲਬ (ਗੁੜਗਾਉਂ)

ਕਰਨੀ ਕਿਸੇ ਵੀ ਨਹੀਂ ਜੋ ਪੰਥ ਦੇ ਲਈ, ਜਾਨਾਂ ਵਾਰ ਕੇ ਸਿੰਘ ਅਜ ਕਰ ਗਏ ਨੇ।
ਸਿੱਖੀ ਮਹਿਲ ਦੀਆਂ ਇੱਟਾਂ ਖੁਰਦੀਆਂ ਨੂੰ, ਮਿੱਝ ਮਾਸ ਦਾ ਗਾਰਾ ਲਾ ਭਰ ਗਏ ਨੇ।
ਚਾਨਣ ਰਾਹ ਦਿਖਾਣ ਲਈ ਸਦਾ ਦੇ ਲਈ, ਦੀਵੇ ਬਾਲ ਸ਼ਹਾਦਤ ਦੇ ਧਰ ਗਏ ਨੇ।
ਰਾਖੇ ਧਰਮ ਦੇ ਲਾਡਲੇ ਮਾਂ ਪਿਉ ਦੇ, ਲਾੜੀ ਮੌਤ ਨੂੰ ਹੱਸ ਹੱਸ ਵਰ ਗਏ ਨੇ।
ਡੁਲ੍ਹੀ ਰੱਤ ਨੂੰ ਕਦੀ ਵੀ ਨਾਲ ਪਾਣੀ, ਅਸੀਂ ਕਿਸੇ ਨੂੰ ਵੀ ਨਹੀਂ ਧੋਣ ਦੇਣਾ।
ਲਹੂ ਪਾ ਕੇ ਕਰਨਾ ਏਂ ਹੋਰ ਗਾੜ੍ਹਾ, ਅਸੀਂ ਖ਼ੂਨ ਨੂੰ ਪਤਲਾ ਨਹੀਂ ਹੋਣ ਦੇਣਾ।
ਗਾੜ੍ਹਾ ਖ਼ੂਨ ਹੀ ਪੰਥ ਗੁਲਜ਼ਾਰ ਦੀਆਂ, ਜੜ੍ਹਾਂ ਸੁਕਦੀਆਂ ਵਿਚ ਜੀਵਨ ਪਾ ਦਏਗਾ।
ਏਸ ਲਹੂ ਦੇ ਨਾਲ ਇਤਿਹਾਸ ਲਿਖਿਆ, ਕੌਮੀ ਮਹਿਲ ਨੂੰ ਚਾਰ ਚੰਨ ਲਾ ਦਏਗਾ।
ਪੰਥ ਉਠੇਗਾ ਪੈ ਗਈ ਲੋੜ ਜੇਕਰ, ਹੋਰ ਜਿੰਦੜੀਆਂ ਘੋਲ ਘੁਮਾ ਦਏਗਾ।
ਛਾਂਗਣ ਵਾਲਿਆਂ ਦੀ ਜੜ੍ਹੀਂ ਤੇਲ ਦੇ ਕੇ, ਬੂਟੇ ਉਨ੍ਹਾਂ ਦੇ ਪੁੱਟ ਵਗਾ ਦਏਗਾ।
ਕਲਗੀ ਵਾਲੇ ਦੇ ਪੰਥ ਵਲ ਅੱਖ ਕੈਰੀ, ਤੱਕਣ ਵਾਲੇ ਨਾ ਰਹੇ ਜਹਾਨ ਅੰਦਰ।
ਹੁਣ ਵੀ ਮਿਲੇਗਾ ਦੰਡ ਕੁਕਰਮੀਆਂ ਨੂੰ, ਉਡ ਜਾਣਾ ਨਹੀਂ ਇਨ੍ਹਾਂ ਅਸਮਾਨ ਅੰਦਰ।
ਉਠ ਸੁਤਿਆ ਖਾਲਸਾ! ਜਾਗ ਹੁਣ ਤੇ, ਪਾਈ ਤੈਨੂੰ ਵੰਗਾਰ ਹੈ ਸੂਰਿਆਂ ਨੇ।
ਬਿਨਾਂ ਝਿਜਕ ਦੇ ਸ਼ੇਰ ਦੀ ਮੁੱਛ ਤਾਈਂ, ਹੱਥ ਪਾਇਆ ਏ ਇਨ੍ਹਾਂ ਗਲੂਰਿਆਂ ਨੇ।
ਤੈਨੂੰ ਇਨ੍ਹਾਂ ਨੇ ਸ਼ਾਂਤ ਨਹੀਂ ਰਹਿਣ ਦੇਣਾ; ਮਜ਼ਾ ਚਖਣੈ ਬੇ-ਸ਼ਊਰਿਆਂ ਨੇ।
ਪਏਗੀ ਜਦੋਂ ਤਕ ਇਨ੍ਹਾਂ ਦੇ ਮੂੰਹ ਤੇ ਨਾ, ਰਹਿਣੈ ਭੌਂਕਦਾ ਇਨ੍ਹਾਂ ਕਤੂਰਿਆਂ ਨੇ।
ਸੂਲਾਂ ਜੰਮਦੀਆਂ ਦੇ ਤਿੱਖੇ ਮੂੰਹ ਹੁੰਦੇ, ਭੰਨਣ ਲਈ ਹਥਿਆਰ ਤਿਆਰ ਕਰ ਲੈ।
ਉਨ੍ਹਾਂ ਅਮਰ ਸ਼ਹੀਦਾਂ ਨੇ ਪਾਈ ਏ ਜੋ, ਹੁਣ ਤੇ 'ਮਿੱਤਰ' ਮਨਜ਼ੂਰ ਵੰਗਾਰ ਕਰ ਲੈ।

---

# ਸਮਰਾਲਾ ਵਿਖੇ ਰੈਣ-ਸਬਾਈ ਕੀਰਤਨ

ਭਾਈ ਉਜਾਗਰ ਸਿੰਘ ਜੀ ਦਿਆਲਪੁਰ ਤੋਂ ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜੱਥਾ ਲੁਧਿਆਣਾ ਵਲੋਂ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਮਰਾਲਾ ਵਿਖੇ ੧੨—੮—੭੮ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਦੂਰੋਂ ਨੇੜਿਓਂ ਅਖੰਡ ਕੀਰਤਨੀ ਜੱਥੇ ਸ਼ਾਮਲ ਹੋ ਰਹੇ ਹਨ। ਗੁਰਦੁਆਰਾ ਸਾਹਿਬ ਸਮਰਾਲਾ ਬਸ ਸਟੈਂਡ ਦੇ ਬਿਲਕੁਲ ਲਾਗੇ ਹੈ।

# ਮੇਰਠ ਵਿਚ ਅਖੰਡ ਕੀਰਤਨ ਪ੍ਰੋਗਰਾਮ

ਵੈਸਾਖੀ ਵਾਲੇ ਦਿਨ ਹੋਏ ਖ਼ੂਨੀ ਸਾਕੇ ਦੇ ਸ਼ਹੀਦਾਂ ਦੀ ਯਾਦ ਵਿਚ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਰਖੇ ਗਏ ਹਨ:

੨੫—੮—੭੮ ਸਵੇਰੇ ੫ ਤੋਂ ੧੦ ਭੋਗ ਸ੍ਰੀ ਅਖੰਡਪਾਠ ਤੋਂ ਉਪਰੰਤ ਕੀਰਤਨ
ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ

ਸ਼ਾਮ ੭॥ ਤੋਂ ੯॥ ਅਖੰਡ ਕੀਰਤਨ ਗੁ: ਕਲਗੀਧਰ ਲਾਲ ਕੁੜਤੀ ਮੇਰਠ

੨੬—੮—੭੮ ਸਵੇਰੇ ੫ ਤੋਂ ੧੧ ਅਖੰਡ ਕੀਰਤਨ ਸਤਿਸੰਗ ਸਦਰ ਬਜ਼ਾਰ ਮੇਰਠ ਛਾਉਣੀ

ਰਾਤ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ਭੋਗ ੨੭.੮ ਸਵੇਰੇ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ

ਰਿਹਾਇਸ਼ ਦਾ ਪਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਹੋਵੇਗਾ।

ਪੁਛ ਗਿਛ—ਭਾਈ ਗੁਰਮੀਤ ਸਿੰਘ ੨੭੬/੩ M.E.S. ਕੁਆਟਰਜ਼, ਵੇਸਲੈਂਡ ਰੋਡ, ਸਦਰ, ਮੇਰਠ ਛਾਉਣੀ


www.AKJ.Org

# ਸ਼ਹੀਦੀ ਫ਼ੰਡ ਦੇ ਹਿਸਾਬ ਕਿਤਾਬ ਦਾ ਚਿੱਠਾ

੧੩ ਅਪ੍ਰੈਲ ਵੈਸਾਖੀ ਵਾਲੇ ਦਿਨ ਜਦੋਂ ਇਹ ਸਾਕਾ ਵਰਤਿਆ ਤਾਂ ਅਜੀਤ ਨਗਰ ਵਿਖੇ ਅਖੰਡ ਕੀਰਤਨੀ ਜੱਥੇ ਦਾ ਸਮਾਗਮ ਚਲ ਰਿਹਾ ਸੀ। ਉਥੇ ਚਲ ਰਹੇ ਲੰਗਰ ਵਿਚ ਸੇਵਾ ਕਰਦੇ ਹੋਏ ਹੀ ਭਾਈ ਫੌਜਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਕੁਫਰ-ਗੜ੍ਹ ਦੇ ਸੁਧਾਰ ਲਈ ਪਿਆਨੇ ਕੀਤੇ। ਸਮਾਗਮ ਦੀ ਸਮਾਪਤੀ ਪਿਛੋਂ ਖੂਨੀ ਸਾਕੇ ਦੇ ਸਬੰਧ ਵਿਚ ਸੰਗਤਾਂ ਨੂੰ ਜ਼ਿਆਦਾ ਦੇਰ ਤਕ ਠਹਿਰਨਾ ਪਿਆ ਅਤੇ ਉਸ ਤੋਂ ਮਗਰੋਂ ਵੀ ਆਵਾ-ਜਾਈ ਜਾਰੀ ਰਹੀ। ਇਸ ਦੇ ਦੌਰਾਨ ਸੰਗਤਾਂ ਲੰਗਰ ਲਈ ਅਤੇ ਫਟੜਾਂ ਦੀ ਸੇਵਾ-ਸੰਭਾਲ ਆਦਿ ਲਈ ਮਾਇਆ ਦੀ ਸੇਵਾ ਕਰਦੀਆਂ ਰਹੀਆਂ। ਇਹ ਸਾਰੀ ਸੇਵਾ ਵੈਸਾਖੀ ਸਮਾਗਮ ਫ਼ੰਡ ਵਿਚੋਂ ਹੁੰਦੀ ਰਹੀ। ਉਪਰੰਤ ੩੦ ਅਪ੍ਰੈਲ ੧੯੭੮ ਤਰੀਕ ਤੋਂ ਸ਼ਹੀਦੀ ਪਰਵਾਰਾਂ ਦੇ ਫਟੜਾਂ ਦੀ ਸੇਵਾ ਦੇ ਨਿਸਚਿਤ ਕਾਰਜ ਲਈ ਜੋ ਮਾਇਆ ਪੁਜਦੀ ਰਹੀ ਉਸ ਦਾ ਹਿਸਾਬ ਵਖਰਾ ਰਖਿਆ ਗਿਆ ਹੈ। ਇਸ ਹਿਸਾਬ ਦੇ ਆਮਦਨ ਖਰਚ ਦਾ ਵੇਰਵਾ ਹੇਠਾਂ ਦਰਜ ਹੈ। ਇਸ ਹਿਸਾਬ ਵਿਚ ਜੇ ਕਿਸੇ ਸਜਣ ਨੇ ਕੋਈ ਹੋਰ ਮਾਇਆ ਭੇਜੀ ਹੋਵੇ ਤੇ ਇਸ ਵਿਚ ਦਰਜ ਨਾ ਹੋਵੇ ਤਾਂ ਉਸ ਦਾ ਵੇਰਵਾ ਭੇਜ ਕੇ ਧੰਨਵਾਦੀ ਬਣਾਇਆ ਜਾਵੇ। ਜਿਹੜੀ ਰਕਮ ਇਸ ਫੰਡ ਵਾਸਤੇ ਚੈੱਕ ਜਾਂ ਡਰਾਫਟ ਰਾਹੀਂ ਭੇਜੀ ਜਾਵੇ, ਉਹ ਚੈੱਕ ਜਾਂ ਡਰਾਫਟ ਕਰਾਸ ਕਰ ਕੇ "ਅਖੰਡ ਕੀਰਤਨੀ ਜੱਥਾ" ਦੇ ਨਾਂ ਤੇ ਭੇਜਿਆ ਜਾਵੇ।

## ਆਮਦਨ

| | | | |
|---|---|---|---|
| ਗਿ: ਸੋਹਣ ਸਿੰਘ ਜੀ ਅੰਮ੍ਰਿਤਸਰ | ੫੧-੦ | ਸੰਗਤ ਪਟਨਾ ਸਾਹਿਬ | ੨੦੦੦-੦ |
| ਮਾਤਾ ਭਾਗ ਕੌਰ ਜੀ ਅੰਮ੍ਰਿਤਸਰ | ੧੦੦-੦ | ਸੰਗਤ ਕਾਨ੍ਹਪੁਰ | ੧੩੫੦-੦ |
| ਭਾ: ਬਲਵੰਤ ਸਿੰਘ ਜੀ ਪਟਨਾ ਸਾਹਿਬ | ੨੦੦-੦ | ਬੀ: ਗੁਰਦੇਵ ਕੌਰ ਜੀ ਜਲੰਧਰ | ੧੦੦-੦ |
| ਡਾ: ਬਲਦੇਵ ਸਿੰਘ ਜੀ ਅੰਮ੍ਰਿਤਸਰ | ੧੦੦-੦ | ਬੀ ਬਖਸ਼ੀਸ਼ ਕੌਰ ਜਲੰਧਰ | ੫੦-੦ |
| ਬੀ: ਬਲਵੰਤ ਕੌਰ ਜੀ ਡੇਹਰਾਦੂਨ | ੫੧-੦ | ਸ: ਬਲਵੰਤ ਸਿੰਘ ਜੀ ਬਠਿੰਡਾ | ੧੪੦-੦ |
| ਇਕ ਸਿੰਘ ਜੀ | ੫੦-੦ | ਭਾ: ਰਣਜੀਤ ਸਿੰਘ ਜੀ ਕੋਟਾ | ੩੨੫-੦ |
| ਭਾ: ਮਨਜੀਤ ਸਿੰਘ ਜੀ ਅੰਮ੍ਰਿਤਸਰ | ੧੦੦-੦ | ਭਾਈ ਬਲਵੰਤ ਸਿੰਘ ਜੀ ਕੋਟਾ | ੨੫੦-੦ |
| ਗਿ: ਦਲੀਪ ਸਿੰਘ ਜੀ ਬਠਿੰਡਾ | ੨੦੦-੦ | ਭਾ: ਭਜਨ ਸਿੰਘ ਜੀ ਕੋਟਾ | ੨੦੦-੦ |
| ਸੰਗਤ ਚੰਡੀਗੜ੍ਹ | ੨੫੧-੦ | ਭਾ: ਹਰਜੀਤ ਸਿੰਘ ਜੀ ਕੋਟਾ | ੫੦- |
| ਭਾ: ਹਰਚਰਨ ਸਿੰਘ ਜੀ ਚੰਡੀਗੜ੍ਹ | ੧੦੧-੦ | ਡਾ: ਗੁਰਮੇਲ ਸਿੰਘ ਜੀ ਤਲਵਾੜਾ | ੪੫-੦ |
| ਇਕ ਸਿੰਘ ਜੀ | ੬੦-੦ | ਸ:ਹਰਭਜਨਸਿੰਘ ਜੀ S D.O. ਫਗਵਾੜਾ | ੧੦੦-੦ |
| ਗੁਰਦਵਾਰਾ ਕਮੇਟੀ ਮਾਲੜੀ | ੧੦੧-੦ | ਇਕ ਪ੍ਰੇਮੀ ਜੀ ਪਾਰੋਵਾਲ | ੫੧-੬੦ |
| ਸੰਗਤ ਪਿੰਡ ਮਾਲੜੀ | ੩੩੧-੦ | ਭਾ: ਦੀਦਾਰ ਸਿੰਘ ਜੀ ਅੰਮ੍ਰਿਤਸਰ | ੫੦-੦ |
| ਭਾ: ਗੁਰਦਿਆਲ ਸਿੰਘ ਜੀ ਗਾਰਡ | ੫੦-੦ | ਭਾ: ਦਰਸ਼ਨ ਸਿੰਘ ਜੀ ਅੰਮ੍ਰਿਤਸਰ | ੫੦-੦ |
| ਭਾ: ਬਲਦੇਵ ਸਿੰਘ ਜੀ ਅੰਮ੍ਰਿਤਸਰ | ੨੫-੦ | ਭਾ: ਕਿਰਪਾਲ ਸਿੰਘ ਜੀ ਤਲਵਾੜਾ | ੧੦੦-੦ |
| ਸ: ਅਵਤਾਰ ਸਿੰਘ ਦੀਪਕ ਅੰਮ੍ਰਿਤਸਰ | ੫੦-੦ | ਭਾ: ਸੁਰਜੀਤ ਸਿੰਘ ਜੀ ਯੂ. ਕੇ. | ੧੧੦੦-੦ |



www.AKJ.Org

| | |
|---|---|
| ਭਾ: ਗੁਰਚਰਨ ਸਿੰਘ ਜੀ ਅੰਮ੍ਰਿਤਸਰ | ੫੦-੦ |
| ਭਾ: ਪਾਲਾ ਸਿੰਘ ਜੀ ਅੰਮ੍ਰਿਤਸਰ | ੫੦ ੦ |
| ਸੂਬੇਦਾਰ ਜਗਜੀਤ ਸਿੰਘ ਜੀ ਅੰਮ੍ਰਿਤਸਰ | ੫੦-੦ |
| ਭਾ: ਸੁਰਿੰਦਰ ਸਿੰਘ ਜੀ ਅੰਮ੍ਰਿਤਸਰ | ੪੫੮-੦ |
| ਭਾ: ਅਜੀਤ ਸਿੰਘ ਜੀ ਅੰਮ੍ਰਿਤਸਰ | ੧੦੦-੦ |
| ਭਾ: ਗੋਪਾਲ ਸਿੰਘ ਜੀ ਅੰਮ੍ਰਿਤਸਰ | ੨੫੦-੦ |
| ਭਾ: ਲਾਲ ਸਿੰਘ ਜੀ ਅੰਮ੍ਰਿਤਸਰ | ੧੦੦-੦ |
| ਭਾ: ਰਾਜਿੰਦਰ ਸਿੰਘ ਜੀ ਅੰਮ੍ਰਿਤਸਰ | ੫੦-੦ |
| ਸ: ਭੂਪਿੰਦਰ ਸਿੰਘ ਜੀ S.D.O. ਤਲਵਾੜਾ | ੪੦੦-੦ |
| ਸ: ਜਸਵੰਤ ਸਿੰਘ ਜੀ ਅੰਮ੍ਰਿਤਸਰ | ੧੦੦-੦ |
| ਸ: ਪ੍ਰੀਤਮ ਸਿੰਘ ਜੀ ਅੰਮ੍ਰਿਤਸਰ | ੩੧-੦ |
| ਸ: ਦਵਿੰਦਰਪਾਲ ਸਿੰਘ ਜੀ | ੮੫-੦ |
| ਸ: ਕੇਹਰ ਸਿੰਘ ਜੀ ਅੰਮ੍ਰਿਤਸਰ | ੨੫-੦ |
| ਸ: ਕਰਮ ਸਿੰਘ ਤੇ ਬੀ: ਸਤਵੰਤ ਕੌਰ ਜੀ | ੧੬੦-੦ |
| ਸ: ਸਤਨਾਮ ਸਿੰਘ ਜੀ ਅੰਮ੍ਰਿਤਸਰ | ੫੦੦-੦ |
| ਭਾ: ਜੀਵਨ ਸਿੰਘ ਜੀ ਹਜ਼ੂਰੀ ਰਾਗੀ | ੫੦੦-੦ |
| ਭਾ: ਮਨਜੀਤ ਸਿੰਘ ਜੀ | ੨੦੦-੦ |
| ਭਾ: ਨਰਿੰਦਰ ਸਿੰਘ, ਪ੍ਰੇਮੀ ਜੀ | ੧੦੦-੦ |
| ਕੈਪਟਨ ਅਵਤਾਰ ਸਿੰਘ ਜੀ | ੧੦੦-੦ |
| ਸ: ਸਰਵਣਸਿੰਘ ਜੀ S.D.O. ਲੁਧਿਆਣਾ | ੫੦-੦ |
| ਭਾ: ਅਵਤਾਰ ਸਿੰਘ ਜੀ ਰੰਗ ਵਾਲੇ | ੧੦੦-੦ |
| ਬੀ: ਦਵਿੰਦਰ ਕੌਰ ਜੀ | ੨੫-੦ |
| ਭਾ ਹਜ਼ੂਰਾ ਸਿੰਘ ਜੀ ਗੀਗਨਵਾਲ | ੫੦-੦ |
| ਭਾ: ਮਿਲਖਾ ਸਿੰਘ ਜੀ | ੧੦੦-੦ |
| ਭਾ: ਖਜ਼ਾਨ ਸਿੰਘ ਜੀ | ੧੦੧-੦ |
| ਭਾਈ ਅਜੀਤ ਸਿੰਘ ਜੀ ਕੈਰੋਂ | ੫੦-੦ |
| ਸ: ਪ੍ਰਭਦੇਵ ਸਿੰਘ ਜੀ ਛੇਹਰਟਾ | ੫੭-੦ |
| ਭਾ: ਖੇਮ ਸਿੰਘ ਜੀ ਬਜ਼ਾਜ਼ | ੧੦੦-੦ |
| ਰੀਵਾ ਤੋਂ ਬੈਂਕ ਵਿਚ M. T. | ੨੦੭੧-੦ |
| ਕੈਪਟਨ ਮਨਜੀਤ ਸਿੰਘ ਸ਼ਹੀਦ, N.Dli | ੫੦-੦ |
| ਸ: ਪਾਲ ਸਿੰਘ ਤ੍ਰਿਲੋਚਨ ਸਿੰਘ, ਸੋਨੀਪਤ | ੫੦-੦ |
| ਸ: ਚਰਨ ਸਿੰਘ Passaic U.S.A. | ੮੦੧-੦ |
| ਡਾ: ਹਰਬੰਸ ਸਿੰਘ ਜੀ ਅੰਮ੍ਰਿਤਸਰ | ੧੦੦-੦ |
| ਸ: ਕੁਲਵੰਤ ਸਿੰਘ ਜੀ ਮਕੜ ਛੇਹਰਟਾ | ੨੦੦-੦ |
| ਗੁਰੂ ਹਰਿਗੋਬਿੰਦ ਮੈਡੀਕਲ ਸਟੋਰਜ਼ ,, | ੨੦੦-੦ |
| ਸ: ਪ੍ਰੇਮ ਸਿੰਘ ਜੀ ਕਾਨਪੁਰ | ੫੬-੦ |

| | |
|---|---|
| ਸ: ਹਰਬੰਸ ਸਿੰਘ ਜੀ ਕਾਲਾਕੋਟ ਜੰਮੂ | ੨੫੦-੦ |
| ਭਾ: ਪੂਰਨ ਸਿੰਘ ਜੀ ਮਿਠਾਪੁਰ ਜਲੰਧਰ | ੧੦੦-੦ |
| ਸੰਗਤ ਕਾਲਕਾਜੀ ਨਵੀਂ ਦਿਲੀ | ੬੦੦-੦ |
| ਸ: ਕਰਨੈਲ ਸਿੰਘ ਜੀ ਅੰਬਾਲਾ ਛਾ: | ੫੧-੦ |
| ਸ: ਕਿਰਪਾਲ ਸਿੰਘ ਜੀ ਤਲਵਾੜਾ | ੧੦੦-੦ |
| ਡਾ: ਦਲਬੀਰ ਸਿੰਘ ਜੀ ਦਿਲੀ | ੫੦-੦ |
| ਸ: ਤੀਰਥ ਸਿੰਘ ਜੀ ਦਿਲੀ | ੫੦੦-੦ |
| ਬੰਬੇ ਦੇ ੧੭ ਸਿੰਘ ਸਿੰਘਣੀਆਂ ਵਲੋਂ | ੩੪੭੯-੦ |
| ਸ: ਪ੍ਰੇਮ ਸਿੰਘ ਜੀ ਜੰਡਿਆਲਾ ਗੁਰੂ | ੨੦੦-੦ |
| ਸ: ਸਵਰਨ ਸਿੰਘ ਜੀ ਮਾਲ੍ਹੀ U.K. | ੭੫੦-੦ |
| ਸ: ਗੁਰਦਿਆਲ ਸਿੰਘ ਮਾਲ੍ਹੀ ਬਰਮਿੰਘਮ | ੭੫੦-੦ |
| ਸ: ਬਲਦੇਵ ਸਿੰਘ ਜੀ ਸਹੋਤਾ Slough | ੧੦੭-੦ |
| ਸ: ਗੁਰਚਰਨ ਸਿੰਘ ਜੀ ਧਨਬਾਦ | ੧੦੧-੦ |
| ਅਖੰਡ ਕੀਰਤਨੀ ਜੱਥਾ ਧਨਬਾਦ | ੨੦੦-੦ |
| ਸ: ਹਰਵੰਤ ਸਿੰਘ ਜੀ Anjoli | ੧੦੦-੦ |
| ਸ: ਸੁਖਦੇਵ ਸਿੰਘ ਜੀ ਕੈਨੇਡਾ | ੩੦੧-੦ |
| ਇਕ ਪ੍ਰੇਮੀ ਜੀ (ਬੈਂਕ ਵਿਚ) | ੫੧-੦ |
| ਬੀ: ਮਹਿੰਦਰ ਕੌਰ ਜੀ ਖੰਨਾ | ੧੦੦੦-੦ |
| ਸ: ਦਿਆਲ ਸਿੰਘ ਜੀ ਸ੍ਰੀ ਨਗਰ | ੧੦੦-੦ |
| ਸ: ਮੋਹਨ ਸਿੰਘ ਜੀ ਫਰੀਦਾਬਾਦ | ੫੧-੦ |
| ਅਖੰਡ ਕੀਰਤਨੀ ਜੱਥਾ ਭੂਪਾਲ | ੧੨੫-੦ |
| ਭਾ: ਸਰਦਾਰਾ ਸਿੰਘ ਜੀ ਅੰਮ੍ਰਿਤਸਰ | ੫੧-੦ |
| ਬੀ: ਕਰਤਾਰ ਕੌਰ ਤੇ ਸ: ਪ੍ਰੀਤਮ ਸਿੰਘ | ੫੧-੦ |
| ਸ:ਸੁਰਜੀਤਸਿੰਘ ਐਂਡਕੰਪਨੀ ਅੰਮ੍ਰਿਤਸਰ | ੧੦੧-੦ |
| ਅਖੰਡ ਕੀਰਤਨੀ ਜਥਾ ਪਠਾਨਕੋਟ | ੩੫-੦ |
| ਐਸ.ਐਸ. ਗਿਆਨੀ, ਕੀਰਤੀ ਨਗਰ | ੨੫-੦ |
| ਬੀ: ਚਰਨ ਕੌਰ ਜੀ ਮਜੀਠਾ | ੭੫-੦ |
| ਭਾ: ਪੂਰਨ ਸਿੰਘ ਜੀ ਮਿਠਾਪੁਰ ਜਲੰਧਰ | ੧੦੦-੦ |
| ਸ: ਨਥਾ ਸਿੰਘ ਜੀ ਮੈਨਪੁਰੀ | ੧੦੧-੦ |
| ਸ: ਕੁਲਜੀਤ ਸਿੰਘ ਜੀ ਕਾਨਪੁਰ | ੫੦-੦ |
| ਸ: ਅਵਤਾਰ ਸਿੰਘ ਜੀ ਡਰਾਫਟਮੈਨ | ੧੦੦-੦ |
| ਕਾਨਪੁਰ ਦੇ ਇਕ ਗੁਰਮੁਖ ਪ੍ਰਵਾਰ ਵਲੋਂ | ੧੧੦੦-੦ |
| ਪੰਝੀ ਰੁਪਏ ਤੋਂ ਘਟ ਰਸੀਦਾਂ ਅਤੇ ਸਮਾਗਮਾਂ ਦੇ ਚੜ੍ਹਾਵੇ ਆਦਿ | ੨੫੬-੩੦ |
| | ------ |
| ਕੁਲ ਜੋੜ | ੨੪੩੭੮-੯੦ |

www.AKJ.Org

# ਖ਼ਰਚ

| | |
|---|---|
| ਗਿ: ਜਸਵੰਤ ਸਿੰਘ ਜੀ ਨੂੰ ਮੋਦੇ ਸ਼ਹੀਦ ਦੀ ਤਸਵੀਰ ਲਈ ਭੇਜਿਆ | ੧੦-੦ |
| ਵਕੀਲਾਂ ਲਈ ਦਿਤੇ | ੨੦੦੦-੦ |
| ਭਾ: ਫੌਜਾ ਸਿੰਘ ਬਾਰੇ ਗ਼ਜ਼ਨੀਪੁਰ ਸਮਾਗਮ ਲਈ ਟ੍ਰਕ | ੨੫੦-੦ |
| ਭਾ: ਕਸ਼ਮੀਰਾ ਸਿੰਘ ਜੀ ਫਟੜ ਨੂੰ | ੫੦੦-੦ |
| ਗਿ: ਭਗਵਾਨ ਸਿੰਘ ਜੀ ਫਟੜ ਨੂੰ | ੫੦੦-੦ |
| ਸ਼ਹੀਦ ਭਾ: ਹਰੀ ਸਿੰਘ ਦੀ ਸਿੰਘਣੀ ਨੂੰ | ੧੦੦੦-੦ |
| ਸ਼ਹੀਦ ਭਾ: ਧਰਮਬੀਰ ਸਿੰਘ ਜੀ ਦੀ ਮਾਤਾ ਨੂੰ | ੧੦੦੦-੦ |
| ਸ਼ਹੀਦ ਭਾ: ਫੌਜਾ ਸਿੰਘ ਜੀ ਦੀ ਸਿੰਘਣੀ ਨੂੰ | ੧੦੦੦-੦ |
| ਸਹੀਦ ਭਾ: ਕੇਵਲ ਸਿੰਘ ਜੀ ਦੀ ਮਾਤਾ ਨੂੰ | ੧੦੦੦-੦ |
| ਸ਼ਹੀਦ ਭਾਈ ਪਿਆਰਾ ਸਿੰਘ ਜੀ ਦੀ ਮਾਤਾ ਨੂੰ | ੧੦੦੦-੦ |
| ਸ਼ਹੀਦ ਭਾ: ਗੁਰਚਰਨ ਸਿੰਘ ਜੀ ਦੀ ਮਾਤਾ ਨੂੰ | ੧੦੦੦-੦ |
| ਸ਼ਹੀਦਭਾ:ਹਰਭਜਨਸਿੰਘਦੀ ਸਿੰਘਣੀ ਨੂੰ | ੧੦੦੦-੦ |
| ਭਾ: ਕਰਨੈਲ ਸਿੰਘ ਜੀ ਫਟੜ ਨੂੰ | ੧੦੦-੦ |
| ਸ਼ਹੀਦ ਭਾ: ਰਘਬੀਰ ਸਿੰਘ ਜੀ ਦੀ ਸਿੰਘਣੀ ਨੂੰ | ੧੦੦੦-੦ |
| ਸ਼ਹੀਦ ਭਾ: ਅਵਤਾਰ ਸਿੰਘ ਜੀ ਦੀ ਸਿੰਘਣੀ ਨੂੰ | ੧੦੦੦-੦ |
| ਵਕੀਲਾਂ ਲਈ ਦਿਤੇ | ੧੦੦੦-੦ |
| ਪ੍ਰਤੀਨਿਧਾਂ ਲਈ ਸੱਦਾ ਪੱਤ੍ਰ ਛਪਵਾਏ | ੮-੦ |
| ੧੨ ਫ਼ਾਈਲ ਕਵਰ | ੧੨-੭੫ |
| ਭਾ: ਕਸ਼ਮੀਰਾ ਸਿੰਘ ਜੀ ਫੱਟੜ ਨੂੰ | ੫੦੦-੦ |
| ਸ਼ਹੀਦ ਭਾ: ਹਰੀ ਸਿੰਘ ਜੀ ਦੇ ਲੜਕੇ ਦੇ B.Ed. ਦਾ ਦਾਖਲਾ | ੨੦੬-੦ |
| ਹੁੰਡਲ ਸਾਹਿਬ ਨੂੰ ਦਿਲੀ ਮੁਕੱਦਮੇ ਲਈ | ੧੦੦੦-੦ |
| ਗਜ਼ਨੀਪੁਰ ਸਮਾਗਮ ਦੇ ਇਸ਼ਤਿਹਾਰ ਤੇ ਕਾਰਡ ਛਪਵਾਈ | ੮੪-੧੦ |
| ਅਜੀਤ ਤੇ ਅਕਾਲੀ ਪਤ੍ਰਕਾ ੧੪.੪ ਤੋਂ ੩੦.੬.੭੮ ਤਕ | ੬੬-੭੫ |
| ਲੌਂਗੋਵਾਲ ਉਚੇਚਾ ਬੰਦਾ ਭੇਜਿਆ | ੨੨-੮੫ |
| ਡਾਕ ਦੇ ਲਫਾਫੇ ੨੫ | ੬-੨੫ |
| **ਰਾਹੀਂ ਭਾ: ਜੋਗਿੰਦਰ ਸਿੰਘ ਜੀ—** | |
| ਭਾ: ਫੌਜਾ ਸਿੰਘ ਪਰਵਾਰ | ੨੦੦-੦ |
| ਜੀਵਨੀਆਂ ਮੰਗਾਣ ਲਈ ਗਿਆਨੀ ਜੀ ਨੂੰ | ੫੦-੦ |
| ਗਵਾਹ ਬੁਲਾਉਣ ਲਈ ਮੋਬਿਲ ਆਇਲ | ੨੦-੦ |
| ਗਵਾਹਾਂ ਲਈ ਭਾ: ਜਗਮੋਹਨ ਸਿੰਘ ਜੀ ਨੂੰ | ੧੦-੦ |
| ਭਾ: ਬਖਤਾਵਰ ਸਿੰਘ ਨੂੰ ਨਿਰੰਕਾਰੀ ਸਾਹਿਤ ਲਈ | ੫੦-੦ |
| ਸਕਿਊਟਰ ਗੁਰੂ ਨਾਨਕ ਪੁਰਾ ਆਦਿ | ੨੦-੦ |
| **ਰਾਹੀਂ ਭਾ: ਜੋਗਿੰਰਦ ਸਿੰਘ ਜੀ—** | |
| ਟੈਕਸੀ ਗੁਰੂਨਾ ਸਾਹਿਬ, ਤਰਨ ਤਾਰਨ | ੧੦੦-੦ |
| ਦਿਲੀ ਤਿੰਨ ਸੀਟਾਂ ਬੁਕਿੰਗ ਆਦਿ | ੭੮-੦ |
| ਟੈਕਸੀਆਂ ਦਿਲੀ | ੪੭-੦ |
| ਵਾਪਸੀ ਕਰਾਏ | ੫੬-੦ |
| ਗਿ: ਭਗਵਾਨ ਸਿੰਘ ਜੀ ਫਟੜ ਨੂੰ | ੫੦੦-੦ |
| ਕੁਲ ਜੋੜ | ੧੬੩੯੭-੭੦ |
| ਆਮਦਨ | ੨੪੩੭੮-੯੦ |
| ਖ਼ਰਚ | ੧੬੩੯੭-੭੦ |
| ਬਾਕੀ | ੭੯੮੧-੨੦ |

**ਜ਼ਰੂਰੀ ਸੂਚਨਾ** ਪਿਛਲੇ ਮਹੀਨੇ ਸੂਚਨਾ ਦਿਤੀ ਗਈ ਸੀ ਕਿ ਜੁਲਾਈ ਤੋਂ "ਸੂਰਾ" ਦਾ ਸਾਲਾਨਾ ਚੰਦਾ ੧੦-੦੦(ਦਸ ਰੁਪਏ)ਸਾਲ ਕਰ ਦਿਤਾ ਗਿਆ ਹੈ। ਸੋ ਜਿਹੜ ਮਨੀਆਰਡਰ ੮-੦੦ ਦੇ ਪੁਜ ਰਹੇਹਨ,ਉਨ੍ਹਾਂ ਦੀ ਰਸੀਦ ਨੌਂ ਮਹੀਨੇਲਈ ਕੱਟੀ ਜਾਂਦੀ ਹੈ।

**ਅਮਾਨਤੀ ਲਾਈਫ਼ ਮੈਂਬਰ ਪਰਦੇਸ ਦੇ ਰੇਟ—** Sea Mail ਸਾਰੇ ਪਰਦੇਸ ੨੫੦/—

Air Mail—ਕੈਨੇਡਾ ਅਮਰੀਕਾ ਆਦਿ ੭੫੦/— ਯੂ.ਕੇ, ਅਫਰੀਕਾ ਆਦਿ ੬੫੦/—
ਅਰਬ,.ਮਲਾਇਆ ਆਦਿ ੫੦੦/—

ਗੁਰੂ ਨਾਨਕ ਵਿਆਹ ਸਾਲਾਨਾ ਸਮਾਗਮ ਬਟਾਲਾ ੭ ਤੋਂ ੧੦ ਸਤੰਬਰ ਐਤਵਾਰ ਤਕ ਹੋਣਗੇ।

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਵਿਚੋਂ ਯੂ. ਕੇ. ਦੇ ਦੋ ਮੈਂਬਰਾਂ ਵਲੋਂ ਸਾਢੇ ਛੇ ਛੇ ਸੌ ਰੁਪਏ ਅਤੇ ਬਾਕੀਆਂ ਵਲੋਂ ਸੌ ਸੌ ਰੁਪਏ ਪੁਜੇ ਹਨ। ਬੈਂਕ ਤੋਂ ਬਣਵਾਈਆਂ ਗਈਆਂ ਐਫ.ਡੀਆਂ ਦੇ ਨੰਬਰ ਹੇਠਾਂ ਦਰਜ ਹਨ —

| | | | |
|---|---|---|---|
| 382. ਸ: ਸੁਜਾਨ ਸਿੰਘ ਜੀ ਕਾਨ੍ਹਪੁਰ | (ਚਿਟ ਨੰ: 3382) | 804842/792/78 | ਮਿਤੀ 24-7-78 |
| 383. ਪ੍ਰੇਜ਼ੀਡੈਂਟ ਗੁਰਦਵਾਰਾ ਨਇਆ ਨੰਗਲ | ( ,, ,, 3383) | 804843/793/78 | ,, |
| 384. ਸ: ਚੰਨਣ ਸਿੰਘ ਜੀ ਫ਼ਰਾਕਾ ਬੈਰਜ | ( ,, ,, 3384) | 804844/794/78 | ,, |
| 385. ਸ: ਸ਼ਿਵਚਰਨ ਸਿੰਘ ਜੀ ਥੱਲਾ | ( ,, ,, 3385) | 804845/795/78 | ,, |
| 386. ਸ: ਕਿਸ਼ਨ ਸਿੰਘ ਜੀ ਕਾਨ੍ਹਪੁਰ | ( ,, ,, 3386) | 804846/796/78 | ,, |
| 387. ਸ: ਪਿਆਰਾ ਸਿੰਘ ਜੀ ਕਪੂਰਥਲਾ | ( ,, ,, 3387) | 804847/797/78 | ,, |
| 388. ਸ: ਹਿੰਮਤ ਸਿੰਘ ਜੀ ਬੰਬਈ | ( ,, ,, 3388) | 804848/798/78 | ,, |
| 389. ਸ: ਨਰਿੰਦਰਬੀਰ ਸਿੰਘ ਜੀ ਨਵੀਂ ਦਿਲੀ | ( ,, ,, 3389) | 804849/799/78 | ,, |
| 390. ਦੀ ਚੀਪੈਸਟ ਜਨਰਲ ਸਟੋਰ ਇਮਫਲ | ( ,, ,, 3390) | 804850/800/78 | ,, |
| 391. ਸ: ਮਨਜੀਤ ਸਿੰਘ ਜੀ ਨਵੀਂ ਦਿਲੀ | ( ,, ,, 3391) | 804851/801/78 | ,, |
| 392. ਸ: ਦਲੀਪ ਸਿੰਘ ਜੀ /o ਪ੍ਰੀਮੀਅਰ ਆਟੋ ਇੰਡਸਟ੍ਰੀ | ( ,, ,, 3392) | 804852/802/78 | ,, |
| 393. ਸ: ਜੋਗਿੰਦਰ ਸਿੰਘ ਜੀ ਮੁੰਡਰਾ | ( ,, ,, 3393) | 804853/803/78 | ,, |
| 394. ਭਾ: ਕਸ਼ਮੀਰਾ ਸਿੰਘ ਜੀ ਬਿਲਾਸਪੁਰ | ( ,, ,, 3394) | 804854/804/78 | ,, |
| 395. ਸ: ਬਲਦੇਵ ਸਿੰਘ ਨਿੱਜਰ ਸੁਚੀ ਪਿੰਡ | ( ,, ,, 3395) | 804855/805/78 | ,, |
| 396. ਸ: ਕਰਤਾਰ ਸੁਰਿੰਦਰ ਸਿੰਘ ਜੀ ਯੂ.ਕੇ. | ( ,, ,, 2194) | 804856/806/78 | ,, |
| 397. ਸ: ਮਲਕੀਅਤ ਸਿੰਘ ਜੀ ਯੂ.ਕੇ. | ( ,, ,, 2015) | 804857/807/78 | ,, |
| 398. ਸ: ਦਲਜੀਤ ਸਿੰਘ ਜੀ s/o ਸ: ਜਗਜੀਤ ਸਿੰਘ ਮਨੋਤਾ | ( ,, ,, 3398) | 804858/808/78 | ,, |
| 399. ਸ: ਮਿਹਰ ਸਿੰਘ ਖੁਰਾਣਾ ਨਵੀਂ ਦਿਲੀ | ( ,, ,, 3399) | 804859/809/78 | ,, |
| 400. ਸ. ਹਰਮੀਤ ਸਿੰਘ ਜੀ ਅਲਵਾਏ | ( ,, ,, 3400) | 804860/810/78 | ,, |
| 401. N/Sub ਹਿੰਮਤ ਸਿੰਘ ਜੀ | ( ,, ,, 3401) | 804861/811/78 | ,, |
| 402. ਸ. ਗੁਰਚਰਨ ਸਿੰਘ ਜੀ ਅਨੰਦ | ( ,, ,, 3402) | 804862/812/78 | ,, |

# ਵੈਸਾਖੀ ਸਮੇਂ ਵਰਤੇ ਖ਼ੂਨੀ ਸਾਕੇ ਸਬੰਧੀ ਸ਼ਹੀਦੀ ਫ਼ੰਡ

ਦੋ ਮਹੀਨੇ ਦੀ ਉਡੀਕ ਪਿਛੋਂ ਸ਼ਹੀਦੀ ਪਰਵਾਰਾਂ ਦੀ ਸਹਾਇਤਾ ਅਤੇ ਫਟੜਾਂ ਦੀ ਸਾਂਭ ਸੰਭਾਲ ਲਈ 'ਅਖੰਡ ਕੀਰਤਨੀ ਜੱਥਾ' ਨੇ ਇਸ ਫ਼ਰਜ਼ ਨੂੰ ਨਿਭਾਉਣ ਲਈ ਸ਼ਹੀਦੀ ਫ਼ੰਡ ਲਈ ਬੈਂਕ ਵਿਚ ਹਿਸਾਬ ਖੋਲ੍ਹਿਆ ਹੈ। ਹੁਣ ਤਕ ਸਾਡੇ ਪਾਸ ਜੋ ਥੋੜਾ ਬਹੁਤਾ ਫ਼ੰਡ ਇਕੱਠਾ ਹੋਇਆ ਹੈ, ਉਸ ਦਾ ਚਿੱਠਾ ਇਸ ਪਰਚੇ ਵਿਚ ਦਿਤਾ ਜਾ ਰਿਹਾ ਹੈ। ਇਸ ਫ਼ੰਡ ਵਿਚੋਂ ਅਸੀਂ ਕੇਵਲ ਇਕ ਇਕ ਹਜ਼ਾਰ ਰੁਪਏ ਪ੍ਰਤੀ ਹੀਦੀ ਪਰਵਾਰ ਨੂੰ ਦੇ ਸਕੇ ਹਾਂ ਅਤੇ ਇਸੇ ਫ਼ੰਡ ਵਿਚੋਂ ਲੋੜਵੰਦ ਫਟੜਾਂ ਦੀ ਵੀ ਕੁਝ ਸਹਾਇਤਾ ਕੀਤੀ ਈ ਹੈ। ਅਜੇ ਹੋਰ ਜ਼ਖ਼ਮੀਆਂ ਦੀ ਵੀ ਖ਼ਬਰ ਸੁਰਤ ਲੈਣੀ ਜ਼ਰੂਰੀ ਹੈ। ਇਸੇ ਤਰ੍ਹਾਂ ਸ਼ਹੀਦਾਂ ਦੇ ਪਰਵਾਰਾਂ ੀ ਵੀ ਵਧ ਤੋਂ ਵਧ ਹੋਰ ਸਹਾਇਤਾ ਕੀਤੇ ਜਾਣ ਦੀ ਲੋੜ ਹੈ।

ਸ਼ਹੀਦੀ ਫ਼ੰਡ ਲਈ ਮਾਇਆ ਭੇਜਣ ਵਾਲੇ ਸਜਣ ਕਿਸੇ ਦੇ ਜ਼ਾਤੀ ਨਾਂ ਉਤੇ ਮਾਇਆ ਨਾ ਭੇਜਣ, ਸਗੋਂ ਚੈਕ ਜਾਂ ਡਰਾਫਟ ਆਦਿ 'ਅਖੰਡ ਕੀਰਤਨੀ ਜੱਥਾ' ਦੇ ਨਾਂ ਭੇਜੇ ਜਾਣ। ਭੇਜਣ ਦਾ ਪਤਾ—

**ਅਖੰਡ ਕੀਰਤਨੀ ਜੱਥਾ, c/o 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

www.AKJ.org

# ਸਾਲਾਨਾ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ ਅੰਬਾਲਾ ਛਾਉਣੀ

ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਤੇ ਸ੍ਰੀ ਅੰਮ੍ਰਿਤਸਰ ਵੈਸਾਖੀ ਸਾਕੇ ਦੇ ਸ਼ਹੀਦਾਂ ਦੀ ਯਾਦ ਵਿਚ ਹਰਿਆਣਾ ਪ੍ਰਾਂਤ ਵਲੋਂ ਅੰਬਾਲਾ ਛਾਉਣੀ ਵਿਖੇ ੧੨ ਅਗਸਤ ੧੯੭੮ ਸ਼ਨੀਵਾਰ ਤੋਂ ੧੫ ਅਗਸਤ ੧੯੭੮ ਮੰਗਲਵਾਰ ਤਕ ਗੁਰਮਤਿ ਸਮਾਗਮ ਹੋ ਰਹੇ ਹਨ, ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਓਂ ਪੁਜ ਰਹੇ ਹਨ। ਸਮੂਹ ਗੁਰਸਿਖ ਸੰਗਤਾਂ ਆਇ ਕੇ ਦਰਸ਼ਨ ਬਖ਼ਸ਼ੋ ਜੀ। ਪ੍ਰੋਗਰਾਮ ਇਉਂ ਹੈ —

| | | | |
|---|---|---|---|
| 12 ਅਗਸਤ | ਸਵੇਰੇ 4 ਤੋਂ 6 | ਆਸਾ ਦੀ ਵਾਰ ਤੇ ਅਖੰਡਪਾਠ ਅਰੰਭ | ਸਿਖ ਕੰਨਿਆ ਪਾਠਸ਼ਾਲਾ, ਬੈਂਕ ਰੋਡ, ਅੰਬਾਲਾ ਛਾ: |
| | ਸ਼ਾਮ 7½ ਤੋਂ 10 | ਚੌਕੀ ਸੋਦਰ ਤੇ ਅਖੰਡ ਕੀਰਤਨ | ਪੰਜਾਬੀ ਗੁਰਦਵਾਰਾ, ਅੰਬਾਲਾ ਛਾਉਣੀ |
| 13 ਅਗਸਤ | ਸਵੇਰੇ 5 ਤੋਂ 12 | ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁ: ਮੰਜੀ ਸਾਹਿਬ, ਅੰਬਾਲਾ ਸ਼ਹਿਰ |
| | ਸ਼ਾਮ 7½ ਤੋਂ 10 | ਚੌਕੀ ਸੋਦਰ ਤੇ ਅਖੰਡ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ, ਅੰਬਾਲਾ ਛਾਉਣੀ |
| 14 ਅਗਸਤ | ਸਵੇਰੇ 5 ਤੋਂ 12 | ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾਉਣੀ |
| | ਸ਼ਾਮ 5 ਵਜੇ | ਅੰਮ੍ਰਿਤ-ਸਿੰਚਾਰ ਅਰੰਭ | ਸਿਖ ਕੰਨਿਆ ਪਾਠਸ਼ਾਲਾ |

ਰਾਤ 8 ਵਜੇ ਰੈਣ ਸਬਾਈ ਕੀਰਤਨ ਅਰੰਭ, 15 ਅਗਸਤ ਸਵੇਰੇ ਭੋਗ ਫ਼ਰੂਕਾ ਖ਼ਾ:ਹਾ:ਸਕੂਲ, ਬੈਂਕ ਰੋਡ, ਅੰਬਾਲਾ ਛਾ:

ਸੰਗਤਾਂ ਦਾ ਉਤਾਰਾ ਸਿਖ ਕੰਨਿਆ ਪਾਠਸ਼ਾਲਾ, ਬੈਂਕ ਰੋਡ, ਅੰਬਾਲਾ ਛਾਉਣੀ ਵਿਖ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਪੁਛ ਗਿਛ—2416 ਡੀ.ਸੀ. ਰੋਡ,
ਅੰਬਾਲਾ ਛਾਉਣੀ

ਦਾਸਰੇ—ਨਿਰਬਾਣ ਕੀਰਤਨੀ ਜਥਾ,
ਅੰਬਾਲਾ ਛਾਉਣੀ

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ | ੩-੦੦ | ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਅਣਡਿਠੀ ਦੁਨੀਆ | ੬-੨੫ | ਗੁਰਮਤਿ ਸੱਚ ਨਿਰਣੈ | ੬-੦੦ |
| ਰੰਗਲੇ ਸਜਣ | ੪-੦੦ | ਗੁਰਮਤਿ ਬਿਬੇਕ | ੭-੫੦ |
| ਜੇਲ੍ਹ ਚਿੱਠੀਆਂ (ਮੁਕੰਮਲ) | ਛਪ ਰਹੀ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ਛਪ ਰਹੀ | ਗੁਰਮਤਿ ਪ੍ਰਕਾਸ਼ | ੩-੭੫ |
| ਸਚਖੰਡ | ੧-੫੦ | ਗੁਰਮਤਿ ਵਿਚਾਰ | ਛਪ ਰਹੀ |
| ਚਰਨ ਕਮਲ ਕੀ ਮਉਜ | ੦-੭੫ | ਗੁਰਮਤਿ ਕਰਮ ਫਿਲਾਸਫੀ | ਛਪ ਰਹੀ |
| ਅੰਮ੍ਰਿਤ ਕੀ ਹੈ | ੨-੦੦ | ਗੁਰਮਤਿ ਰਮਜ਼ਾਂ | ੧-੩੦ |

**ਛਪਣ ਵਾਲੀਆਂ**—ਅਨਹਦ ਸ਼ਬਦ ਦਸਮ ਦੁਆਰ
ਗੁਰਬਾਣੀ ਲਗਾਂ ਮਾਤਰਾਂ ਦੀ ਵਿਲੱਖਣਤਾ
ਕਥਾ ਕੀਰਤਨ
ਜੋਤਿ ਵਿਗਾਸ
ਸੰਤ ਪਦ ਨਿਰਣੈ
ਦਰਸ਼ਨ ਝਲਕਾਂ
ਝਟਕਾ ਮਾਸ ਪ੍ਰਥਾਇ ਗੁਰਮਤਿ ਤਤ ਨਿਰਣੈ

**ਟ੍ਰੈਕਟ**—

| | | | |
|---|---|---|---|
| ਸਿਖ ਕੌਣ ਹੈ | ੦-੩੦ | ਵਾਹਿਗੁਰੂ ਸਿਮਰਨ | ੦-੩੦ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ | ਸਿੰਘਾਂ ਦਾ ਪੰਥ ਨਿਰਾਲਾ | ੦-੫੦ |
| ਬਾਬਾ ਵੈਦ ਰੋਗੀਆਂ ਦਾ | ੦-੩੦ | ਅੰਮ੍ਰਿਤ ਕਲਾ | ੦-੫੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੨੫ | ਸੱਚੀਆਂ ਦਾੜ੍ਹੀਆਂ | ੦-੩੦ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ | ੦-੨੫ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |

ਕੋ ਵਿਰਲਾ ਗੁਰਮਤਿ ਚਲੈ ਜੀਉ
ਸ਼ੰਕਿਆਂ ਤੇ ਉਟੰਕਣਾਂ ਦੇ ਉਤਰ
ਨਾਮ ਦਾ ਦਾਤਾ ਸਤਿਗੁਰੂ
ਅਕਾਲ ਪੁਰਖ ਦੇ ਪਰਤੱਖ ਦਰਸ਼ਨ
ਨਾਮ ਸਬੰਧੀ ਵਿਚਾਰ
ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
ਹਉਮੈ ਨਾਵੈ ਨਾਲਿ ਵਿਰੋਧ ਹੈ
ਆਸਤਕ ਨਾਸਤਕ
ਸਿਖੀ ਸਿਦਕ ਤੇ ਧਰਮ ਰਖਿਆ
ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ ੧-੦੦
ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) ੦-੪੦

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org